ਇਸ਼ਤਿਹਾਰ ਲਵਾਓ
ਵਪਾਰ ਵਧਾਓ
ਰੋਜ਼ਾਨਾ ਲੋਕ ਬਾਣੀ
ਅਖ਼ਬਾਰ ਵਿਚ
ਸੰਪਰਕ ਕਰੋ
0181-2211009
Newslokbani@gmail.com

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com
ਮੰਗਲਵਾਰ, 07 ਜੂਨ 2022
ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)

ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111

R.N.I. Punpun/29016/2008 ✲ ਸਾਲ : 14 ✲ ਅੰਕ : 445 ✲ ਮੁੱਲ : 5.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111

## ਕੇਰਲ ਵਿੱਚ ਮਿਲੇ 2 ਨੋਰੋ ਵਾਇਰਸ ਦੇ ਮਾਮਲੇ



**ਦਿੱਲੀ/ਕਪੂਰ:-** ਕੋਰੋਨਾ ਦੇ ਵਧਦੇ ਮਾਮਲਿਆਂ ਦੇ ਵਿਚਕਾਰ ਕੇਰਲ ਵਿੱਚ ਇੱਕ ਨਵੇਂ ਵਾਇਰਸ ਨੇ ਸਰਕਾਰ ਅਤੇ ਪ੍ਰਸਾਸਨ ਨੂੰ ਪਰੇਸਾਨ ਕਰ ਦਿੱਤਾ ਹੈ। ਇਹ ਨੋਰੋਵਾਇਰਸ ਹੈ। ਕੇਰਲ ਦੇ ਦੋ ਬੱਚਿਆਂ ਵਿੱਚ ਇਹ ਵਾਇਰਸ ਪਾਇਆ ਗਿਆ ਹੈ, ਕੇਰਲ ਦੀ ਸਿਹਤ ਮੰਤਰੀ ਵੀਨਾ ਜਾਰਜ ਨੇ ਇਸ ਦੀ ਪੁਸਟੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਸਥਿਤੀ ਦਾ ਜਾਇਜਾ ਲੈ ਰਿਹਾ ਹੈ, ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ। ਬੱਚਿਆਂ ਦੀ ਹਾਲਤ ਸਥਿਰ ਹੈ। ਨੋਰੋਵਾਇਰਸ ਇੱਕ ਬਹੁਤ ਹੀ ਛੂਤ ਵਾਲੀ ਬਿਮਾਰੀ ਹੈ, ਜੋ ਆਮ ਤੌਰ ‘ਤੇ ਦੂਸ਼ਿਤ ਪਾਣੀ, ਦੂਸ਼ਿਤ ਭੋਜਨ ਅਤੇ ਕਿਸੇ ਸੰਕਰਮਿਤ ਵਿਅਕਤੀ ਦੇ ਸੰਪਰਕ ਨਾਲ ਫੈਲਦੀ ਹੈ। ਤਿਰੂਵਨੰਤਪੁਰਮ ਦੇ ਵਿਹਿੰਜਮ ਵਿੱਚ ਨੋਰੋਵਾਇਰਸ ਦਾ ਇੱਕ ਨਵਾਂ ਸੰਕਰਮਣ ਸਾਹਮਣੇ ਆਇਆ ਹੈ। ਨਿਊਜ ਏਜੰਸੀ ਏਐਨਆਈ ਮੁਤਾਬਕ ਕੇਰਲ ਦੀ ਸਿਹਤ ਮੰਤਰੀ ਵੀਨਾ ਜਾਰਜ ਨੇ ਕਿਹਾ ਕਿ ਜਿਨ੍ਹਾਂ ਥਾਵਾਂ ‘ਤੇ ਬੱਚਿਆਂ ‘ਚ ਇਨਫੈਕਸਨ ਪਾਇਆ ਗਿਆ ਹੈ, ਉਨ੍ਹਾਂ ਦੇ ਸੈਂਪਲ ਜਾਂਚ ਲਈ ਭੇਜੇ ਗਏ ਹਨ।



## ਮੂਸੇਵਾਲਾ ਕਤਲ ਮਾਮਲੇ ਵਿੱਚ 8 ਸ਼ਾਰੱਪ ਸੂਟਰਾਂ ਦੇ ਨਾਮ ਆਏ ਸਾਹਮਣੇ

**ਚੰਡੀਗੜ੍ਹ/ਲੋਕ ਬਾਣੀ:-** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਮਾਮਲੇ ਵਿਚ ਪੰਜਾਬ ਪੁਲੀਸ ਨੇ ਅੱਠ ਜਣਿਆਂ ਦੀ ਪਛਾਣ ਕਰ ਲਈ ਹੈ। ਇਹ ਸਾਰੇ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਮਹਾਰਾਸ਼ਟਰ ਦੇ ਵਾਸੀ ਹਨ ਤੇ ਗੈਂਗਸਟਰ ਲਾਰੈਂਸ ਦੇ ਗੈਂਗ ਨਾਲ ਸਬੰਧਤ ਹਨ। ਪੰਜਾਬ ਪੁਲੀਸ ਨੂੰ ਸੱਕ ਹੈ ਕਿ ਉਨ੍ਹਾਂ ਨੇ ਹੀ 29 ਮਈ ਨੂੰ ਮਾਨਸਾ ਵਿੱਚ ਪੰਜਾਬੀ ਗਾਇਕ ਦੀ ਹੱਤਿਆ ਕੀਤੀ ਸੀ। ਇਸ ਦੌਰਾਨ ਪੰਜਾਬ ਪੁਲੀਸ ਨੇ ਕੇਕੜਾ ਨਾਂ ਦੇ ਵਿਅਕਤੀ ਨੂੰ ਮਾਨਸਾ ਤੋਂ ਗ੍ਰਿਫਤਾਰ ਕੀਤਾ ਹੈ। ਇਹ ਉਹੀ ਨੌਜਵਾਨ ਸੀ ਜਿਸ ਨੇ ਮੂਸੇਵਾਲਾ ਦਾ ਪ੍ਰਸੰਸਕ ਬਣ ਕੇ ਰੇਕੀ ਕੀਤੀ ਸੀ। ਪੁਲੀਸ ਅਨੁਸਾਰ ਉਸ ਨੇ ਹੀ ਮੂਸੇਵਾਲਾ ਦੀ ਘਰ ਤੋਂ ਜਾਣ ਵੇਲੇ ਵੀ ਸੂਚਨਾ ਸਾਰਪ ਸੂਟਰਾਂ ਨੂੰ ਦਿੱਤੀ ਸੀ।

## ਵਾਰਾਨਸੀ ਧਮਾਕੇ ਮਾਮਲੇ ਵਿੱਚ ਵਲੀਉੱਲਾ ਨੂੰ ਹੋਈ ਫਾਂਸੀ ਦੀ ਸਜਾ





**ਗਾਜੀਆਬਾਦ/ਲੋਕ ਬਾਣੀ**

ਵਾਰਾਨਸੀ ਵਿਚ ਸਾਲ 2006 ਦੌਰਾਨ ਹੋਏ ਲੜੀਵਾਰ ਬੰਬ ਧਮਾਕਿਆਂ ਦੇ ਮਾਮਲੇ ਵਿਚ ਗਾਜੀਆਬਾਦ ਦੀ ਅਦਾਲਤ ਨੇ ਮੁੱਖ ਦੋਸ਼ੀ ਵਲੀਉਲ੍ਹਾ ਨੂੰ ਫਾਂਸੀ ਦੀ ਸਜਾ ਸੁਣਾਈ ਹੈ। ਇਸ ਸਬੰਧੀ ਫੈਸਲਾ ਜਿਲ੍ਹਾ ਜੱਜ ਜਤਿੰਦਰ ਕੁਮਾਰ ਸਿਨਹਾ ਦੀ ਅਦਾਲਤ ਨੇ ਅੱਜ ਸੁਣਾਇਆ। ਇਹ ਫੈਸਲਾ ਧਮਾਕਿਆਂ ਤੋਂ ਲਗਪਗ 16 ਸਾਲ ਬਾਅਦ ਆਇਆ ਹੈ। ਬੰਬ ਧਮਾਕਿਆਂ ਦਾ ਮੁੱਖ ਮੁਲਜਮ ਵਲੀਉਲ੍ਹਾ ਹੁਣ ਤਕ ਕਾਨੂੰਨੀ ਪੇਚਾਂ ਕਾਰਨ ਬਚਦਾ ਆਇਆ ਹੈ। ਇਸ ਫੈਸਲੇ ਦੇ ਮੱਦੇਨਜਰ ਪ੍ਰਸ਼ਾਸਨ ਨੇ ਸਖਤ ਸੁਰੱਖਿਆ ਪ੍ਰਬੰਧ ਕੀਤੇ ਹਨ।

## ਪਾਣੀ ਦੀ ਟੈਂਕੀ ਉਪਰ ਦੇ ਰਹੇ ਹਨ ਭਾਕਿਯੂ ਉਗਰਾਹਾਂ ਵਾਲੇ ਧਰਨਾ

**ਮਹਿਲ ਕਲਾਂ/ਲੋਕ ਬਾਣੀ**

ਭਾਰਤੀ ਕਿਸਾਨ ਯੂਨੀਅਨ (ਭਾਕਿਯੂ) ਉਗਰਾਹਾਂ ਦੇ ਸੂਬਾਈ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਪੰਜਾਬ ਭਰ ‘ਚ ਪਾਣੀ ਦੇ ਨੀਵੇਂ ਹੋ ਰਹੇ ਪੱਧਰ ਨੂੰ ਠੱਲ੍ਹ ਪਾਉਣ ਲਈ ਲੋਕਾਂ ਨੂੰ ਝੋਨੇ ਦੀ ਬੀਜਾਈ ਸਬੰਧੀ ਜਾਗਰੂਕ ਕਰਨ ਵਾਸਤੇ ਪੰਜਾਬ ਭਰ ‘ਚ 6 ਤੋਂ 10 ਜੂਨ ਤੱਕ ਚਲਾਈ ਜਾ ਰਹੀ ਜਾ ਰਹੀ ਜਾਗ੍ਰਿਤੀ ਮੁਹਿੰਮ ਚਲਾਈ ਗਈ ਹੈ। ਇਸ ਮੁਹਿੰਮ ਦੇ ਤਹਿਤ ਪਹਿਲੇ ਦਿਨ ਪਿੰਡ ਪੰਡੋਰੀ (ਬਰਨਾਲਾ) ਵਿਖੇ ਆਗੂ ਰਾਜਪਾਲ ਸਿੰਘ ਪੰਡੋਰੀ,ਮਲਕੀਤ ਸਿੰਘ ਫੌਜੀ ਆਦਿ ਆਗੂਆਂ ਦੀ ਅਗਵਾਈ ਹੇਠ ਪਾਣੀ ਵਾਲੀ ਟੈਂਕੀ ਉਪਰ ਰੋਸ ਧਰਨਾ ਦੇ ਕੇ ਸੂਬਾ ਸਰਕਾਰ ਖਿਲਾਫ ਜੋਰਦਾਰ ਨਾਅਰੇਬਾਜੀ ਕੀਤੀ ਗਈ।



## ਅੰਮ੍ਰਿਤਸਰ ਦੇ ਸਾਰੇ ਬਾਜ਼ਾਰ ਰਹੇ ਘੱਲੂਘਾਰੇ ਦਿਵਸ ਮੌਕੇ ਬੰਦ

**ਅੰਮ੍ਰਿਤਸਰ/ਰਾਜਾ ਕੋਟਲੀ:-** ਘੱਲੂਘਾਰਾ ਦਿਵਸ ਮੌਕੇ ਅੱਜ ਸ਼ਹਿਰ ਦੇ ਸਭ ਵੱਡੇ ਬਾਜ਼ਾਰ ਟਾਹਲੀ ਸਾਹਿਬ ਬਾਜ਼ਾਰ, ਆਈ. ਡੀ. ਐਚ. ਮਾਰਕੀਟ, ਕਟੜਾ ਆਹਲੂਵਾਲੀਆ, ਗੁਰੂ ਬਾਜ਼ਾਰ ਮਾਰਕੀਟ, ਸ਼ਾਸਤਰੀ ਮਾਰਕੀਟ, ਪ੍ਰਤਾਪ ਬਾਜ਼ਾਰ, ਬਾਜ਼ਾਰ ਸਿਰਕੀਬੰਧਾਂ, ਹਾਲ ਬਾਜ਼ਾਰ, ਲਾਰੈਂਸ ਰੋਡ, ਪੁਤਲੀਘਰ, ਇਸਲਾਮਾਬਾਦ, ਰਣਜੀਤ ਐਵਨਿਊ, ਬਸੰਤ ਐਵਨਿਊ, ਮਜੀਠਾ ਰੋਡ, ਬਟਾਲਾ ਰੋਡ, ਕਟੜਾ ਸ਼ੇਰ ਸਿੰਘ, ਕਟੜਾ ਜੈਮਲ ਸਿੰਘ ਆਦਿ ਸਮੇਤ ਬਾਕੀ ਮਾਰਕੀਟਾਂ ਮੁਕੰਮਲ ਤੌਰ ‘ਤੇ ਬੰਦ ਰਹੀਆਂ। ਇਸ ਦੇ ਨਾਲ ਨਾਲ ਸ਼ਹਿਰ ਦੀਆਂ ਤਮਾਮ ਉਦਯੋਗਿਕ ਇਕਾਈਆਂ ਵੀ ਬੰਦ ਰਹੀਆਂ।

## ਪੰਜਾਬ ਪੁਲਿਸ ਨੂੰ ਦੇ ਰਹੇ ਹਨ ਗੈਂਗਸਟਰ ਲੁੱਕ ਛੁੱਪ ਕੇ ਧਮਕੀਆਂ

**ਚੰਡੀਗੜ੍ਹ/ਵਿਨੋਦ ਸ਼ਰਮਾ**

ਸਿੱਧੂ ਮੂਸੇਵਾਲਾ ਅਤੇ ਇੱਕ ਹੋਰ ਮਾਮਲੇ ਨੂੰ ਲੈ ਕੇ ਅੱਧੀ ਦਰਜਨ ਪੁਲਿਸ ਅਧਿਕਾਰੀਆਂ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ। ਸੂਤਰਾਂ ਮੁਤਾਬਕ ਇਸ ਮਾਮਲੇ ਦੇ ਦੋ ਪਹਿਲੂ ਹਨ। ਇੱਕ, ਭੀਖੀ ਦੇ ਇਕ ਗੈਂਗਸਟਰ ਤੋਂ ਕਤਲ ਦੇ ਇੱਕ ਮਾਮਲੇ ਵਿੱਚ ਪੁੱਛਗਿੱਛ ਕੀਤੀ ਗਈ ਸੀ, ਜਿਸ ਕਾਰਨ ਗੈਂਗਸਟਰ ਵੱਲੋਂ ਅਧਿਕਾਰੀਆਂ ਨੂੰ ‘ਦੇਖ ਲੈਣ’ ਦੀਆਂ ਧਮਕੀਆਂ ਦਿੱਤੀਆਂ




ਜਾ ਰਹੀਆਂ ਹਨ। ਦੂਸਰਾ ਸਿੱਧੂ ਮੂਸੇਵਾਲਾ ਨਾਲ ਸਬੰਧਤ ਲੋਕਾਂ ਵੱਲੋਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ, ਜਿਸ ਕਾਰਨ ਅਧਿਕਾਰੀਆਂ ਦੀ ਸੁਰੱਖਿਆ ਵਧਾਉਣ ਦੇ ਨਿਰਦੇਸ ਦਿੱਤੇ ਗਏ ਹਨ। ਦੱਸ ਦਈਏ ਕਿ ਸਿੱਧੂ ਮੂਸੇਵਾਲਾ ਦੇ ਕਤਲ ਦੀ ਜਾਂਚ ਵਿੱਚ ਲੱਗੀ ਮਾਨਸਾ ਪੁਲਿਸ ( ) ਨੂੰ ਧਮਕੀ ਮਿਲੀ ਹੈ ਕਿ ਉਹ ਕੇਸ ਦੀ ਜਾਂਚ-ਪੜਤਾਲ ਛੱਡ ਦੇਵੇ ਅਤੇ ਜ਼ਿਆਦਾ ਭੱਜ-ਨੱਠ ਨਾ ਕਰੇ। ਅਜਿਹਾ ਨਾ ਕਰਨ ‘ਤੇ ਅੰਜਾਮ ਭੁਗਤਣ ਲਈ ਕਿਹਾ ਗਿਆ ਹੈ। ਇਹ ਧਮਕੀ ਮਾਨਸਾ ਪੁਲਿਸ ਦੇ ਐਸਐਚਓ ਨੂੰ ਫੋਨ ਰਾਹੀਂ ਵਿਦੇਸ਼ ਤੋਂ ਆਈ ਫੋਨ ਕਾਲ ਰਾਹੀਂ ਦਿੱਤੀ ਗਈ ਹੈ।

## ਸਿੱਧੂ ਮੂਸੇਵਾਲਾ ਕਤਲ ਮਾਮਲੇ ’ਚ ਦੋਸ਼ੀਆਂ ਨੂੰ ਪਨਾਹ ਦੇਣ ਦੇ ਦੋਸ਼ ’ਚ ਦੇਵੇਂਦਰ ਕਾਲਾ ਗ੍ਰਿਫਤਾਰ

**ਸਿਰਸਾ/ਲੋਕ ਬਾਣੀ:-** ਪ੍ਰਸਿੱਧ ਪੰਜਾਬੀ ਗਾਇਕ ਸੁਭਦੀਪ ਉਰਫ ਸਿੱਧੂ ਮੂਸੇਵਾਲਾ ਦੇ ਕਤਲ ਕੇਸ ‘ਚ ਪੰਜਾਬ ਦੇ ਮੋਗਾ ਜਿਲ੍ਹੇ ਦੀ ਪੁਲਸ ਨੇ ਦੂਜੀ ਵਾਰ ਹਰਿਆਣਾ ਦੇ ਫਤਿਹਾਬਾਦ ਜਿਲ੍ਹੇ ਦੇ ਪਿੰਡ ਮੂਸੇਵਾਲੀ ਤੋਂ ਦੇਵੇਂਦਰ ਕਾਲਾ ਨੂੰ ਹਿਰਾਸਤ ‘ਚ ਲਿਆ ਹੈ। ਕਾਲਾ ‘ਤੇ ਇਸ ਕਤਲਕਾਂਡ ਦੇ ਦੋਸ਼ੀਆਂ ਨੂੰ ਪਨਾਹ ਦੇਣ ਦੇ ਸਬੂਤ ਪੁਲਸ ਦੇ ਹੱਥ ਲੱਗੇ ਹਨ। ਕਾਲਾ ਸਾਲ 2021 ‘ਚ ਫਿਰੋਜਪੁਰ ਜੇਲ੍ਹ ‘ਚ ਲਾਰੈਂਸ ਬਿਸਨੋਈ ਗੈਂਗ ਦੇ ਮੈਂਬਰਾਂ ਦੇ ਸੰਪਰਕ ‘ਚ ਆਇਆ ਸੀ, ਜਿਸ ਤੋਂ ਬਾਅਦ ਉਨ੍ਹਾਂ ਦੀ ਦੋਸਤੀ ਹੋ ਗਈ ਸੀ। ਪੁਲਸ ਅਨੁਸਾਰ ਕਾਲਾ ਖ਼ਿਲਾਫ ਪੰਜਾਬ ਦੇ ਫਿਰੋਜਪੁਰ ਸਮੇਤ ਵੱਖ-ਵੱਖ ਥਾਣਿਆਂ ‘ਚ ਨਾਰਕੋਟਿਕਸ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ 6 ਕੇਸ ਦਰਜ ਹਨ। ਕਾਲਾ ਪੰਜਾਬ ਪੁਲਸ ਦਾ ਭਗੌੜਾ ਹੈ। ਪੁਲਸ ਅਨੁਸਾਰ ਪੰਜਾਬ ਪੁਲਸ ਦੀ ਮੋਗਾ ਪੁਲਸ ਦੀ ਇਕ ਟੀਮ ਨੇ ਇੰਸਪੈਕਟਰ ਕਿੱਕਰ ਸਿੰਘ ਦੀ ਅਗਵਾਈ ਹੇਠ ਬੀਤੀ ਦੇਰ ਰਾਤ ਪਿੰਡ ਮੂਸੇਵਾਲੀ ‘ਚ ਛਾਪਾ ਮਾਰ ਕੇ ਕਾਲਾ ਨੂੰ ਕਾਬੂ ਕੀਤਾ।

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਕੇਰਲ ’ਚ ਮਾਨਸੂਨ ਨੇ ਪਹਿਲਾਂ ਹੀ ਦਿੱਤੀ ਦਸਤਕ ਪਰ ਮੀਂਹ 50 ਫੀਸਦੀ ਪਿਆ ਘੱਟ

**ਤਿਰੂਵਨੰਤਪੁਰਮ/ਲੋਕ ਬਾਣੀ**

ਕੇਰਲ ’ਚ ਇਸ ਵਾਰ ਮਾਨਸੂਨ ਆਪਣੇ ਤੈਅ ਸਮੇਂ ਤੋਂ 3 ਦਿਨ ਪਹਿਲਾਂ ਪਹੁੰਚਿਆ ਪਰ ਹੁਣ ਅੱਗੇ ਵੱਧਣ ਦੀ ਰਫਤਾਰ ਧੀਮੀ ਹੋ ਗਈ ਹੈ। ਤਿਰੂਵਨੰਤਪੁਰਮ ’ਚ ਸਥਿਤ ਖੇਤਰੀ ਮੌਸਮ ਵਿਭਾਗ ਨੇ ਦੱਸਿਆ ਕਿ ਦੱਖਣੀ-ਪੱਛਮੀ ਮਾਨਸੂਨ ਨੇ ਸਮੇਂ ਤੋਂ ਪਹਿਲਾਂ ਸੂਬੇ ’ਚ ਦਸਤਕ ਜਰੂਰ ਦਿੱਤੀ ਹੈ ਹੁਣ ਤੱਕ ਮੀਂਹ ਔਸਤ ਤੋਂ 50 ਫੀਸਦੀ ਘੱਟ ਪਿਆ ਹੈ। ਮੌਸਮ ਵਿਭਾਗ ਮੁਤਾਬਕ ਆਮ ਤੌਰ ’ਤੇ ਮਾਨਸੂਨ ਆਉਣ ਮਗਰੋਂ ਸੂਬੇ ਦੇ ਕਈ ਹਿੱਸਿਆਂ ’ਚ ਔਸਤਨ 6-8 ਸੈਂਟੀਮੀਟਰ ਮੀਂਹ ਪੈਂਦਾ ਹੈ। ਇਸ ਵਾਰ ਬੀਤੇ



ਸ਼ੁੱਕਰਵਾਰ ਨੂੰ ਅਲਾਪੁੱਝਾ ਜਿਲ੍ਹੇ ’ਚ ਸਭ ਤੋਂ ਜਿਆਦਾ ਮੀਂਹ ਸਿਰਫ 5 ਸੈਂਟੀਮੀਟਰ ਪਿਆ। ਇਕ ਅੰਗਰੇਜੀ ਅਖਬਾਰ ਦੀ ਰਿਪੋਰਟ ਮੁਤਾਬਕ ਮੌਸਮ ਵਿਭਾਗ ਦੇ ਇਕ ਅਧਿਕਾਰੀ ਦੇ ਹਵਾਲੇ ਤੋਂ ਖਬਰ ਦਿੱਤੀ ਹੈ ਕਿ ਸੂਬੇ ’ਚ ਮੀਂਹ ਇਸ ਲਈ ਘੱਟ ਪੈ ਰਿਹਾ ਹੈ ਕਿਉਂਕਿ ਕੋਈ ਸਰਗਰਮ ਮੌਸਮ ਪ੍ਰਣਾਲੀ ਪੈਦਾ ਨਹੀਂ ਹੋਈ। ਲਿਹਾਜਾ ਮਾਨਸੂਨ ਦੀਆਂ ਗਤੀਵਿਧੀਆਂ ਨਹੀਂ ਵੱਧ ਸਕੀਆਂ। ਅਧਿਕਾਰੀ ਨੇ ਇਹ ਵੀ ਦੱਸਿਆ ਕਿ ਮੌਸਮ ਪ੍ਰਣਾਲੀ ਤੋਂ ਇਲਾਵਾ ਤੇਜ ਹਵਾਵਾਂ ਵੀ ਨਹੀਂ ਚੱਲੀਆਂ, ਜਿਸ ਦੀ ਵਜ੍ਹਾ ਕਰ ਕੇ ਸੂਬੇ ’ਚ ਘੱਟ-ਘੱਟ ਮੀਂਹ ਪਿਆ। ਮੌਸਮ ਵਿਭਾਗ ਮੁਤਾਬਕ ਸੂਬੇ ’ਚ ਅਜਿਹੀ ਸਥਿਤੀ ਇਕ ਹਫਤੇ ਤੱਕ ਰਹਿ ਸਕਦੀ ਹੈ, ਜਿਸ ਦੀ ਵਜ੍ਹਾ ਨਾਲ ਮੋਹਲੇਧਾਰ ਮੀਂਹ ਨਹੀਂ ਪਵੇਗਾ।

## ਓਡੀਸ਼ਾ ‘ਚ ਢਾਈ ਕਰੋੜ ਰੁਪਏ ਦਾ ਨਸ਼ੀਲੇ ਪਦਾਰਥ ਬਰਾਮਦ, ਤਿੰਨ ਗ੍ਰਿਫਤਾਰ

**ਭੁਵਨੇਸ਼ਵਰ/ਲੋਕ ਬਾਣੀ**

ਓਡੀਸ਼ਾ ਪੁਲਸ ਦੀ ਵਿਸ਼ੇਸ਼ ਕਾਰਜ ਫੋਰਸ (ਐੱਸ.ਟੀ.ਐੱਫ.) ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਤਿੰਨ ਵਿਅਕਤੀਆਂ ਨੂੰ ਇੱਥੇ ਗ੍ਰਿਫਤਾਰ ਕਰ ਕੇ ਉਨ੍ਹਾਂ ਕੋਲੋਂ 2.58 ਕਿਲੋਗ੍ਰਾਮ ‘ਬ੍ਰਾਊਨ ਸ਼ੂਗਰ’ (ਇਕ ਤਰਾਂ ਦਾ ਨਸ਼ੀਲਾ ਪਦਾਰਥ) ਬਰਾਮਦ ਕੀਤਾ, ਜਿਸ ਦੀ ਕੀਮਤ ਢਾਈ ਕਰੋੜ ਰੁਪਏ ਦੱਸੀ ਜਾ ਰਹੀ ਹੈ। ਪੁਲਸ ਦੇ ਇਕ ਅਧਿਕਾਰੀ ਨੇ ਸੋਮਵਾਰ ਨੂੰ ਦੱਸਿਆ ਕਿ ਗੁਪਤ ਸੂਚਨਾ ਦੇ ਆਧਾਰ ‘ਤੇ ਐੱਸ.ਟੀ.ਐੱਫ. ਦੇ ਮੈਂਬਰਾਂ ਨੇ ਏਮਜ ਭੁਵਨੇਸ਼ਵਰ ਕੋਲ ਇਕ ਸਥਾਨ ‘ਤੇ ਛਾਪੇਮਾਰੀ ਕੀਤੀ ਅਤੇ ਤਿੰਨ ਵਿਅਕਤੀਆਂ ਕੋਲੋਂ ਬ੍ਰਾਊਨ ਸ਼ੂਗਰ ਬਰਾਮਦ ਕੀਤੀ। ਪੁਲਸ ਅਨੁਸਾਰ ਤਿੰਨੋਂ ਦੋਸ਼ੀ ਖੁਰਦਾ ਜ?ਿਲ੍ਹੇ ਦੇ ਵਾਸੀ ਹਨ। ਇਸ ਸੰਬੰਧ ‘ਚ ਨਾਰਕੋਟਿਕਸ ਅਤੇ ਮਨ ਪ੍ਰਭਾਵੀ ਪਦਾਰਥ ਐਕਟ (ਐੱਨ.ਡੀ.ਪੀ.ਐੱਸ.) ਕਾਨੂੰਨ 1985 ਦੇ ਅਧੀਨ ਇਕ ਮਾਮਲਾ ਦਰਜ ਕੀਤਾ ਗਿਆ ਹੈ।

# ਦਿੱਲੀ ’ਚ ਪੁਲਸ ਨੂੰ ਮਿਲਿਆ ਮਨੁੱਖੀ ਅੰਗਾਂ ਨਾਲ ਭਰਿਆ ਬੈਗ, ਮਾਮਲਾ ਦਰਜ


**ਦਿੱਲੀ/ਲੋਕ ਬਾਣੀ**

ਦਿੱਲੀ ਪੁਲਸ ਨੂੰ ਐਤਵਾਰ ਨੂੰ ਪਾਂਡਵ ਨਗਰ ਪੁਲਸ ਸਟੇਸਨ ਨੇੜੇ ਕਲਿਆਣਪੁਰੀ ਦੇ ਰਾਮਲੀਲਾ ਮੈਦਾਨ ਵਿਚ ਇਕ ਬੈਗ ਬਰਾਮਦ ਹੋਇਆ। ਪੁਲਸ ਨੂੰ ਇਸ ਬੈਗ ’ਚੋਂ ਮਨੁੱਖੀ ਸਰੀਰ ਦੇ ਅੰਗ ਮਿਲੇ ਹਨ। ਦਰਅਸਲ ਇਲਾਕੇ ‘ਚ ਗਸਤ ਦੌਰਾਨ ਪੁਲਸ ਮੁਲਾਜਮਾਂ ਨੇ ਵੇਖਿਆ ਕਿ ਰਾਮਲੀਲਾ ਮੈਦਾਨ ਦੀਆਂ ਝਾੜੀਆਂ ‘ਚੋਂ ਬਦਬੂ ਆ ਰਹੀ ਹੈ, ਜਿੱਥੇ ਉਨ੍ਹਾਂ ਨੂੰ ਇਕ ਬੈਗ ਮਿਲਿਆ, ਜਿਸ ’ਚ ਮਨੁੱਖੀ ਅੰਗ ਭਰੇ ਹੋਏ



ਸਨ। ਪੁਲਸ ਮੁਲਾਜਮਾਂ ਨੇ ਤੁਰੰਤ ਇਸ ਦੀ ਸੂਚਨਾ ਸਥਾਨਕ ਥਾਣੇ ਨੂੰ ਦਿੱਤੀ ਸੂਚਨਾ ਮਿਲਣ ਤੋਂ ਬਾਅਦ ਐੱਸ. ਐੱਚ. ਓ ਸਟਾਫ ਸਮੇਤ ਮੌਕੇ ‘ਤੇ ਪੁੱਜੇ ਅਤੇ ਮਨੁੱਖੀ ਅੰਗਾਂ ਨਾਲ ਭਰਿਆ ਬੈਗ ਬਰਾਮਦ ਕੀਤਾ। ਕ੍ਰਾਈਮ ਟੀਮ ਅਤੇ ਐੱਫ. ਐੱਸ. ਐੱਲ. ਦੀ ਟੀਮ ਨੇ ਮੌਕੇ ਦਾ ਮੁਆਇਨਾ ਕੀਤਾ। ਪਾਂਡਵ ਨਗਰ ਪੁਲਸ ਮੁਲਾਜਮਾਂ ਨੇ ਕਿਹਾ ਕਿ 420/22, ਯੂ/ਐੱਸ 302/201 ਆਈ. ਪੀ. ਸੀ., ਪੀ.ਐਸ ਪਾਂਡਵ ਨਗਰ ਦੇ ਤਹਿਤ ਕੇਸ ਦਰਜ ਕੀਤਾ ਗਿਆ ਹੈ ਅਤੇ ਸਰੀਰ ਦੇ ਅੰਗਾਂ ਨੂੰ ਲਾਲ ਬਹਾਦਰ ਸਾਸਤਰੀ ਮੁਰਦਾਘਰ ਵਿਚ ਸੁਰੱਖਿਅਤ ਰੱਖਿਆ ਗਿਆ ਹੈ। ਲਾਸ ਦੇ ਅੰਗਾਂ ਦੀ ਪਛਾਣ ਕਰਨ ਦੀ ਪੂਰੀ ਕੋਸ?ਿਸ ਕੀਤੀ ਜਾ ਰਹੀ ਹੈ। ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

# ਅਮਰਨਾਥ ਯਾਤਰਾ : ਤੀਰਥ ਯਾਤਰੀਆਂ ਦੀ ਮਦਦ ਲਈ ਜੰਮੂ-ਕਸ਼ਮੀਰ ਰਾਜਮਾਰਗ ‘ਤੇ ਬਚਾਅ ਦਲ ਕੀਤੇ ਜਾਣਗੇ ਤਾਇਨਾਤ



**ਜੰਮੂ/ਲੋਕ ਬਾਣੀ**

ਆਉਣ ਵਾਲੀ ਅਮਰਨਾਥ ਯਾਤਰਾ ਦੌਰਾਨ ਤੀਰਥ ਯਾਤਰੀਆਂ ਦੀ ਮਦਦ ਲਈ ਜੰਮੂ-ਸ਼੍ਰੀਨਗਰ ਰਾਸ਼ਟਰੀ ਰਾਜਮਾਰਗ ‘ਤੇ ਬਚਾਅ ਦਲ ਤਾਇਨਾਤ ਕੀਤੇ ਜਾਣਗੇ। ਪੁਲਸ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਦੇ ਇਕ ਬੁਲਾਰੇ ਨੇ ਦੱਸਿਆ ਕਿ ਰਾਮਬਨ ਦੀ ਪੁਲਸ ਸੁਪਰਡੈਂਟ ਮੋਹਿਤਾ ਸ਼ਰਮਾ ਦੀ ਪ੍ਰਧਾਨਗੀ ‘ਚ ਹੋਈ ਇਕ ਸੁਰੱਖਿਆ ਸਮੀਖਿਆ ਬੈਠਕ ‘ਚ ਰਾਜਮਾਰਗ ‘ਤੇ, ਖਾਸ ਕਰ ਕੇ ਫਿਸਲਣ ਵਾਲੇ ਇਲਾਕਿਆਂ ‘ਚ ਬਚਾਅ ਦਲ ਤਾਇਨਾਤ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਇਹ ਵੀ ਫੈਸਲਾ ਲਿਆ ਗਿਆ ਹੈ ਕਿ ਲੋੜੀਂਦੀ ਕਿਰਤ ਫੋਰਸ ਪਹਿਲਾਂ ਤੋਂ ਤਾਇਨਾਤ ਕੀਤੇ ਜਾਵੇਗੀ ਤਾਂ ਕਿ ਆਧਾਰ ਕੰਪਲੈਕਸਾਂ ਅਤੇ ਯਾਤਰਾ ਮਾਰਗ ਨੂੰ ਜਲਦ ਤੋਂ ਜਲਦ ਸੁਰੱਖਿਅਤ ਬਣਾਇਆ ਜਾ ਸਕੇ ਅਤੇ ਉਨ੍ਹਾਂ ਦੀ ਜਾਂਚ ਕੀਤੀ ਜਾ ਸਕੇ। ਕੁੱਲ 43 ਦਿਨਾਂ ਤੱਕ ਚਲਣ ਵਾਲੀ ਅਮਰਨਾਥ ਯਾਤਰਾ 2 ਮਾਰਗਾਂ (ਦੱਖਣੀ ਕਸ਼ਮੀਰ ‘ਚ ਪਹਿਲਗਾਮ ਦੇ ਨੁਨਵਾਨ ‘ਚ ਰਵਾਇਤੀ 48 ਕਿਲੋਮੀਟਰ ਦਾ ਮਾਰਗ ਅਤੇ ਮੱਧ ਕਸ਼ਮੀਰ ‘ਚ ਗਾਂਦੇਰਬਲ ਦੇ ਬਾਲਟਾਲ ‘ਚ 14 ਕਿਲੋਮੀਟਰ ਦਾ ਮਾਰਗ) ਤੋਂ 30 ਜੂਨ ਨੂੰ ਸ਼ੁਰੂ ਹੋਵੇਗੀ। ਕੋਰੋਨਾ ਵਾਇਰਸ ਮਹਾਮਾਰੀ ਕਾਰਨ 2 ਸਾਲ ਤੱਕ ਅਮਰਨਾਥ ਯਾਤਰਾ ਦਾ ਆਯੋਜਨ ਨਹੀਂ ਕੀਤਾ ਗਿਆ ਸੀ। ਸ਼ਰਮਾ ਦੇ ਅਧਿਕਾਰੀਆਂ ਨੂੰ ਸੁਰੱਖਿਆ ਵਿਵਸਥਾ ਤੰਦਰੁਸਤ ਰੱਖਦੇ ਹੋਏ ਸੰਵੇਦਨਸ਼ੀਲ ਸਥਾਨਾਂ ਅਤੇ ਆਧਾਰ ਕੰਪਲੈਕਸਾਂ ‘ਤੇ ਧਿਆਨ ਕੇਂਦਰਿਤ ਕਰਨ ਦਾ ਨਿਰਦੇਸ਼ ਦਿੱਤਾ ਹੈ। ਪੁਲਸ ਸੁਪਰਡੈਂਟ ਨੇ ਕਿਹਾ ਕਿ ਫੌਜ, ਕੇਂਦਰੀ ਹਥਿਆਰਬੰਦ ਪੁਲਸ ਫੋਰਸਾਂ, ਪੁਲਸ ਅਤੇ ਨਾਗਰਿਕ ਪ੍ਰਸ਼ਾਸਨ ਦਰਮਿਆਨ ਤਾਲਮੇਲ ਤੰਤਰ ਅਤੇ ਸੰਚਾਰ ਪ੍ਰਣਾਲੀ ਸਥਾਪਤ ਕੀਤੀ ਜਾਣੀ ਚਾਹੀਦੀ ਹੈ।

# ਧੀ ਦੇ ਜਨਮ ‘ਤੇ ਪਤਨੀ ਨੂੰ ‘ਤਿੰਨ ਤਲਾਕ’ ਦੇਣ ‘ਤੇ ਸ਼ੌਹਰ ਖਿਲਾਫ ਮਾਮਲਾ ਦਰਜ




**ਇੰਦੌਰ/ਲੋਕ ਬਾਣੀ**

ਮੱਧ ਪ੍ਰਦੇਸ਼ ਦੇ ਇੰਦੌਰ ‘ਚ 23 ਸਾਲਾ ਔਰਤ ਨੂੰ ਲਗਾਤਾਰ ਤਿੰਨ ਵਾਰ ‘ਤਲਾਕ’ ਬੋਲ ਕੇ ਉਸ ਨਾਲ ਤੁਰੰਤ ਵਿਵਾਹਿਕ ਰਿਸ਼ਤਾ ਖਤਮ ਕਰਨ ਦੇ ਦੋਸ਼ ‘ਚ ਉਸ ਦੇ ਸ਼ੌਹਰ ਖ?ਿਲਾਫ ਐੱਫ.ਆਈ.ਆਰ. ਦਰਜ ਕੀਤੀ ਗਈ ਹੈ। ਇਕ ਪੁਲਸ ਅਧਿਕਾਰੀ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਖਜਰਾਨਾ ਪੁਲਸ ਥਾਣੇ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਔਰਤ ਨੇ ਐੱਫ.ਆਈ.ਆਰ. ਦਰਜ ਕਰਵਾਉਂਦੇ ਹੋਏ ਦੋਸ਼ ਲਗਾਇਆ ਕਿ ਉਸ ਦੇ ਸ਼ੌਹਰ ਅਲਤਾਫ ਪਟੇਲ ਨੇ ਦੋਹਾਂ ਦਰਮਿਆਨ ਵਿਵਾਹਿਕ ਰਿਸ਼ਤੇ ਤੁਰੰਤ ਖਤਮ ਕਰਨ ਦੀ ਨੀਅਤ ਨਾਲ ਉਸ ਨੂੰ ਐਤਵਾਰ ਨੂੰ ‘ਤਲਾਕ, ਤਲਾਕ, ਤਲਾਕ’ ਬੋਲਿਆ। ਪੁਲਸ ਅਧਿਕਾਰੀ ਨੇ ਦੋਸ਼ਾਂ ਦੇ ਹਵਾਲੇ ਤੋਂ ਦੱਸਿਆ ਕਿ ਔਰਤ ਵਲੋਂ ਧੀ ਨੂੰ ਜਨਮ ਦਿੱਤੇ ਜਾਣ ਕਾਰਨ ਉਸ ਦਾ ਸ਼ੌਹਰ ਉਸ ‘ਤੇ ਨਾ ਸਿਰਫ ਵਾਰ-ਵਾਰ ਤੰਜ ਕੱਸਦਾ ਸੀ, ਸਗੋਂ ਉਸ ਨੂੰ ਗਾਲ੍ਹਾਂ ਕੱਢਦਾ ਸੀ ਅਤੇ ਕੁੱਟਦਾ ਵੀ ਸੀ। ਉਨ੍ਹਾਂ ਦੱਸਿਆ ਕਿ ਪਟੇਲ ਖ?ਿਲਾਫ ਮੁਸਲਿਮ ਔਰਤ (ਵਿਆਹ ਅਧਿਕਾਰ ਸੁਰੱਖਿਆ) ਐਕਟ 2019 ਅਤੇ ਆਈ.ਪੀ.ਸੀ. ਦੇ ਸੰਬੰਧਤ ਪ੍ਰਬੰਧਾਂ ਅਧੀਨ ਐੱਫ.ਆਈ.ਆਰ. ਦਰਜ ਕੀਤੀ ਗਈ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਮਾਮਲੇ ਦੀ ਪੂਰੀ ਜਾਂਚ ਜਾਰੀ ਹੈ ਅਤੇ ਦੋਸ਼ੀ ਖ?ਿਲਾਫ ਕਾਨੂੰਨੀ ਰਸਮਾਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ। ਦੱਸਣਯੋਗ ਹੈ ਕਿ ਮੁਸਲਿਮ ਔਰਤ (ਵਿਆਹ ਅਧਿਕਾਰ ਸੁਰੱਖਿਆ) ਐਕਟ, 2019 ਇਕੱਠੇ ਤਿੰਨ ਵਾਰ ਤਲਾਕ ਬੋਲ ਕੇ ਵਿਵਾਹਿਕ ਸੰਬੰਧ ਖਤਮ ਕਰਨ ਦੀ ਪ੍ਰਥਾ ‘ਤੇ ਰੋਕ ਲਗਾਉਂਦਾ ਹੈ। ਇਸ ਕਾਨੂੰਨ ‘ਚ ਦੋਸ਼ੀ ਲਈ ਤਿੰਨ ਸਾਲ ਕੈਦ ਦੀ ਸਜਾ ਦਾ ਪ੍ਰਬੰਧ ਹੈ।

## ਸਹੁਰਾ ਪਰਿਵਾਰ ਤੋਂ ਤੰਗ ਔਰਤ ਨੇ ਜ਼ਹਿਰੀਲੀ ਵਸਤੂ ਨਿਗਲ ਕੇ ਖੁਦਕੁਸ਼ੀ ਕਰਨ ਦੀ ਕੀਤੀ ਕੋਸ਼ਿਸ਼

**ਜਲੰਧਰ/ਸੰਜੇ ਰਾਜਪੂਤ**

ਥਾਣਾ ਲਾਂਬੜਾ ਦੇ ਅਧੀਨ ਆਉਂਦੇ ਪਿੰਡ ਲੱਲੀਆਂ ਕਲਾਂ ਵਿਖੇ ਦੇਰ ਰਾਤ ਜੈਤੂਨ ਨਾਮਕ ਔਰਤ ਨੇ ਸਹੁਰਾ ਪਰਿਵਾਰ ਤੋਂ ਤੰਗ ਆ ਕੇ ਜ਼ਹਿਰੀਲੀ ਚੀਜ਼ ਖਾ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ। ਔਰਤ ਦੇ ਜ਼ਹਿਰੀਲੀ ਵਸਤੂ ਖਾਣ ਦੇ ਤੁਰੰਤ ਬਾਅਦ ਉਸ ਨੂੰ ਜਲੰਧਰ ਦੇ ਸਿਵਲ ਹਸਪਤਾਲ ਵਿਖੇ ਪਰਿਵਾਰਕ ਮੈਂਬਰਾਂ ਵੱਲੋਂ ਦਾਖਲ ਕਰਵਾਇਆ ਗਿਆ ਅਤੇ ਇਸ ਸਬੰਧੀ ਪਰਿਵਾਰਿਕ ਮੈਂਬਰਾਂ ਵੱਲੋਂ ਥਾਣਾ ਲਾਂਬੜਾ ਦੀ ਪੁਲਸ ਨੂੰ ਸੂਚਨਾ ਦਿੱਤੀ ਗਈ। ਸੂਚਨਾ ਮਿਲਦੇ ਹੀ ਥਾਣਾ ਲਾਂਬੜਾ ਦੇ ਏ. ਐੱਸ. ਆਈ. ਬਲਜਿੰਦਰ ਸਿੰਘ ਸਮੇਤ ਪੁਲਸ ਪਾਰਟੀ ਮੌਕੇ ’ਤੇ ਪਹੁੰਚੇ ਅਤੇ ਜਾਂਚ ਸ਼ੁਰੂ ਕੀਤੀ। ਜਾਣਕਾਰੀ ਦਿੰਦੇ ਹੋਏ ਏ. ਐੱਸ. ਆਈ. ਬਲਜਿੰਦਰ ਸਿੰਘ ਨੇ ਦੱਸਿਆ ਕਿ ਇਸ ਔਰਤ ਨਾਲ ਉਸਦੇ ਸਹੁਰੇ ਪਰਿਵਾਰ ਨਾਲ ਕਲੇਸ਼ ਚੱਲ ਰਿਹਾ ਹੈ। ਇਸ ਕਾਰਨ ਉਸ ਨੇ ਜ਼ਹਿਰੀਲੀ ਵਸਤੂ ਨਿਗਲ ਲਈ ਹੈ। ਪੁਲਸ ਨਾਲ ਗੱਲ ਕਰਦਿਆਂ ਔਰਤ ਦੇ ਮਾਸੜ ਨੇ ਦੱਸਿਆ ਕਿ ਸਹੁਰਾ ਪਰਿਵਾਰ ਔਰਤ ਦੇ ਦੋ ਨਾਬਾਲਗ ਬੇਟਿਆਂ ਨੂੰ ਝਾਂਸੇ ਨਾਲ ਲੈ ਕੇ ਜਾਣ ਤੇ ਉਸ ਦੇ ਸੋਨੇ ਦੇ ਜੇਵਰਾਤ ਤੇ ਕੁਝ ਨਕਦੀ ਲੈ ਕੇ ਗਏ ਸਨ ਜਿਸ ਕਾਰਨ ਉਹ ਬਹੁਤ ਪ੍ਰੇਸ਼ਾਨ ਸੀ। ਜਿਸ ਦੇ ਚਲਦਿਆਂ ਉਕਤ ਔਰਤ ਨੇ ਐੱਸ. ਐੱਸ. ਪੀ. ਜਲੰਧਰ ਦਿਹਾਤੀ ਨੂੰ ਵੀ ਕੰਪਲੇਂਟ ਕੀਤੀ ਸੀ। ਉਨ੍ਹਾਂ ਕਿਹਾ ਕਿ ਡਾਕਟਰਾਂ ਨੇ ਉਕਤ ਔਰਤ ਨੂੰ ਅਜੇ ਅਨਫਿੱਟ ਕਰਾਰ ਦਿੱਤਾ ਹੈ। ਉਸਦੇ ਬਿਆਨਾਂ ਤੋਂ ਬਾਅਦ ਹੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

## ਨਾਕੇ ’ਤੇ ਖੜ੍ਹੇ ਏ. ਐੱਸ. ਆਈ. ’ਤੇ ਨੌਜਵਾਨ ਨੇ ਚਾੜ੍ਹੀ ਤੇਜ ਰਫਤਾਰ ਕਾਰ

**ਕਪੂਰਥਲਾ/ਲੋਕ ਬਾਣੀ:** ਜਲੰਧਰ-ਕਪੂਰਥਲਾ ਹਾਈਵੇ ’ਤੇ ਇਕ ਨੌਜਵਾਨ ਨੇ ਹਾਈਟੈੱਕ ਨਾਕਾ ਤੋੜ ਕੇ ਤੇਜ ਰਫਤਾਰ ਕਾਰ ਪੰਜਾਬ ਪੁਲਸ ਦੇ ਏ. ਐੱਸ. ਆਈ. ਠਾਕੁਰ ਸਿੰਘ ’ਤੇ ਚਾੜ੍ਹ ਦਿੱਤੀ, ਜਿਸ ਨਾਲ ਏ. ਐੱਸ. ਆਈ. ਦੀ ਖੱਬੀ ਲੱਤ ਅਤੇ ਪਸਲੀਆਂ ਟੁੱਟ ਗਈਆਂ। ਏ. ਐੱਸ. ਆਈ. ਨੂੰ ਗੰਭੀਰ ਜਖਮੀ ਹਾਲਤ ’ਚ ਨਿੱਜੀ ਹਸਪਤਾਲ ’ਚ ਦਾਖਲ ਕਰਵਾਇਆ ਗਿਆ। ਜਾਣਕਾਰੀ ਅਨੁਸਾਰ ਕਪੂਰਥਲਾ ਪੁਲਸ ਨੇ ਗੁਪਤ ਸੂਚਨਾ ਦੇ ਆਧਾਰ ’ਤੇ ਸਾਇੰਸ ਸਿਟੀ ਨੇੜੇ ਨਾਕਾਬੰਦੀ ਕੀਤੀ ਹੋਈ ਸੀ ਕਿ ਇਕ ਤੇਜ ਰਫਤਾਰ ਵਰਨਾ ਕਾਰ ਨਾਕਾ ਤੋੜ ਕੇ ਇਕ ਸਰਕਾਰੀ ਵਾਹਨ ਨੂੰ ਟੱਕਰ ਮਾਰਦਿਆਂ ਏ. ਐੱਸ. ਆਈ. ਠਾਕੁਰ ਸਿੰਘ ਨੂੰ ਕੁਚਲ ਕੇ ਅੱਗੇ ਨਿਕਲ ਗਈ।

Website : www.lokbani.com
lokbani08@gmail.com

# ਲੋੜਵੰਦ ਲੋਕਾਂ ਦੀ ਸਿਹਤ ਸਹੂਲਤਾਂ ਲਈ ਚੈਂਬਰ ਆਫ ਕਾਮਰਸ ਦਾ ਉਪਰਾਲਾ ਸ਼ਲਾਘਾਯੋਗ : ਰਮਨ ਬਹਿਲ

## ਚੈਂਬਰ ਆਫ ਕਾਮਰਸ ਗੁਰਦਾਸਪੁਰ ਵਲੋਂ ਕ੍ਰਿਸ਼ਨਾ ਮੰਦਿਰ ਗੁਰਦਾਸਪੁਰ ਵਿਖੇ ਮੁਫਤ ਮੈਡੀਕਲ ਕੈਂਪ





**ਗੁਰਦਾਸਪੁਰ/ਨਵਨੀਤ ਕੁਮਾਰ**

ਚੈਂਬਰ ਆਫ ਕਾਮਰਸ ਗੁਰਦਾਸਪੁਰ ਵਲੋਂ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਦੇ ਲਈ ਕ੍ਰਿਸ਼ਨਾ ਮੰਦਿਰ ਗੁਰਦਾਸਪੁਰ ਵਿਖੇ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ। ਜਿਸ ਵਿਚ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਮਨ ਬਹਿਲ ਵਲੋਂ ਵਿਸ਼ੇਸ ਤੋਰ ਤੇ ਸਿਰਕਤ ਕੀਤੀ ਗਈ। ਇਸ ਮੌਕੇ ਅਨੂੰ ਗੰਡੋਤਰਾ, ਚੇਅਰਮੈਨ ਚੈਂਬਰ ਆਫ ਕਾਮਰਸ, ਸਮੀਰ ਅਬਰੋਲ, ਵਿਕਾਸ ਮਹਾਜਨ, ਭਰਤ ਗਾਬਾ, ਗੋਪਾਲ ਕ੍ਰਿਸ਼ਨ, ਡਾ. ਹਰਿੰਦਰ ਦਿਓਲ, ਡਾ. ਮਾਨਿਕ ਮਹਾਜਨ, ਡਾ. ਗੁਰਲੀਨ ਕੋਰ ਡਾ. ਹਰਮਨਪ੍ਰੀਤ ਦਿਓਲ, ਸੰਦੀਪ ਅਬਰੋਲ, ਨੀਰਜ ਸ਼ਰਮਾ, ਵਿਨੀ ਮਹਾਜਨ, ਓਮ ਪ੍ਰਕਾਸ਼ ਸ਼ਰਮਾ, ਰੋਹਿਤ ਗੁਪਤਾ, ਕੇਵਲ ਪੁਰੀ, ਮਹਿੰਦਰਪਾਲ, ਵਿਸ਼ਾਲ ਮਹਾਜਨ ਤੇ ਅਰੁਣ ਪ੍ਰਵਾਹਾ ਆਦਿ ਮੋਜੂਦ ਸਨ। ਇਸ ਮੌਕੇ ਗੱਲ ਕਰਦਿਆਂ ਆਪ ਪਾਰਟੀ ਦੇ ਸੀਨੀਅਰ ਆਗੂ ਰਮਨ ਬਹਿਲ ਨੇ ਚੈਂਬਰ ਆਪ ਕਾਮਰਸ ਦੇ ਅਹੁਦੇਦਾਰਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਬਹੁਤ ਵਧੀਆ ਉਪਰਾਲਾ ਹੈ। ਉਨਾਂ ਅੱਗੇ ਕਿਹਾ ਕਿ ਲੋੜਵੰਦ ਲੋਕਾਂ ਇਹ ਮੁਫਤ ਮੈਡੀਕਲ ਕੈਂਪ ਵਰਦਾਨ ਸਾਬਤ ਹੋਵੇਗਾ, ਕਿਉਂਕਿ ਡਾਕਟਰਾਂ ਵਲੋਂ ਲੋਕਾਂ ਦੇ ਘਰਾਂ ਤਕ ਪੁਹੰਚ ਕੇ ਸਿਹਤ ਸਹੂਲਤਾਂ ਦਿੱਤੀਆਂ ਗਈਆਂ ਹਨ। ਉਨਾਂ ਅਪੀਲ ਕੀਤੀ ਕਿ ਬਾਕੀ ਸੰਸਥਾਵਾਂ ਨੂੰ ਅਜਿਹੇ ਉਪਰਾਲੇ ਕਰਨੇ ਚਾਹੀਦੇ ਹਨ। ਉਨਾਂ ਅੱਗੇ ਕਿਹਾ ਕਿ ਆਮ ਆਦਮੀ ਪਾਰਟੀ ਹਮੇਸ਼ਾ ਹੀ ਲੋਕਾਂ ਨੂੰ ਉੱਚ ਮਿਆਰੀ ਸਿਹਤ ਸਹੂਲਤਾਂ ਦੇਣ ਲਈ ਵਚਨਬੱਧ ਹੈ। ਉਨਾਂ ਚੈਂਬਰ ਆਫ ਕਾਮਰਸ ਵਲੋਂ ਲੋੜਵੰਦ ਲੋਕਾਂ ਦੇ ਲਈ ਕੀਤੇ ਗਏ ਉਪਰਾਲੇ ਦੀ ਸ਼ਲਾਘਾ ਕੀਤੀ। ਮੈਡੀਕਲ ਕੈਂਪ ਵਿਚ ਦਿਓਲ ਮਲਟੀਸਪੈਸ਼ਲਿਸਟੀ ਹਸਪਤਾਲ ਦੇ ਡਾਕਟਰਾਂ ਵਲੋਂ ਮਰੀਜ਼ਾਂ ਦੀ ਜਾਂਚ ਕੀਤੀ ਗਈ ਤੇ ਸ਼ੂਗਰ, ਛਾਤੀ ਦੇ ਰੋਗ, ਜੋੜਾਂ ਦੇ ਦਰਦ, ਦਿਲ ਦੀ ਦੇਖਭਾਲ ਤੇ ਟਾਈਫਾਈਡ ਬੁਖਾਰ ਆਦਿ ਰੋਗਾਂ ਦੀ ਜਾਂਚ ਕੀਤੀ ਗਈ ਅਤੇ ਕਿਹਾ ਕਿ ਜੇਕਰ ਕੋਈ ਵਿਅਕਤੀ ਇਲਾਜ ਕਰਵਾਉਣ ਦੇ ਅਸਮਰੱਥ ਹੈ ਤਾਂ ਉਸਦਾ ਅੱਗੇ ਦਾ ਇਲਾਜ ਦਿਓਲ ਹਸਪਤਾਲ ਵਿਖੇ ਮੁਫਤ ਕੀਤਾ ਜਾਵੇ। ਇਸ ਮੌਕੇ ਜਾਣਕਾਰੀ ਦਿੰਦਿਆਂ ਦਿਉਲ ਹਸਪਤਾਲ ਦੇ ਡਾਕਟਰ ਡਾ. ਹਰਿੰਦਰ ਸਿੰਘ ਨੇ ਦੱਸਿਆ ਕਿ ਇਸ ਮੈਡੀਕਲ ਕੈਂਪ ਵਿਚ ਵੱਖ-ਵੱਖ ਬਿਮਾਰੀਆਂ ਦੀ ਮੁਫਤ ਜਾਂਚ ਕੀਤੀ ਗਈ ਹੈ ਤੇ ਮਰੀਜਾਂ ਨੂੰ ਦਵਾਈਆਂ ਵੀ ਮੁਫਤ ਦਿੱਤੀਆਂ ਗਈਆਂ ਹਨ।

# ਭਾਜਪਾ ਪੰਜਾਬ ਦੇ ਜਨਰਲ ਸਕੱਤਰ ਸ੍ਰੀ ਦਿਆਲ ਸਿੰਘ ਸੋਢੀ ਸਾਬਕਾ ਜਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਹੰਡਿਆਇਆ ਦੇ ਗ੍ਰਹਿ ਵਿਖੇ ਪੁਹੰਚੇ



**ਬਰਨਾਲਾ/ਕਰਨਪ੍ਰੀਤ ਧੰਦਰਾਲ**

ਭਾਜਪਾ ਪੰਜਾਬ ਦੇ ਜਨਰਲ ਸਕੱਤਰ ਸ੍ਰੀ ਦਿਆਲ ਸਿੰਘ ਸੋਢੀ ਭਾਜਪਾ ਦੇ ਸਾਬਕਾ ਜ?ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਹੰਡਿਆਇਆ ਦੇ ਗ੍ਰਹਿ ਵਿਖੇ ਲੋਕ ਸਭਾ ਸੰਗਰੂਰ ਦੀ ਉਪ ਚੋਣ ਦੀ ਤਿਆਰੀਆਂ ਦੇ ਸਬੰਧ ਵਿੱਚ ਪੁਹੰਚੇ।ਇਸ ਮੌਕੇ ਤੇ ਬੋਲਦਿਆਂ ਸ੍ਰੀ ਦਿਆਲ ਸੋਢੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਏ, ਅੱਜ ਪੂਰੇ ਪੰਜਾਬ ਵਿਚ ਕਾਨੂੰਨ ਦੀ ਸਥਿਤੀ ਚਿੰਤਾਜਨਕ ਹੈ ਹਰ ਰੋਜ ਪੰਜਾਬ ਵਿਚ ਕਤਲ ਹੋ ਰਹੇ ਹਨ ਅਤੇ ਲੋਕਾਂ ਵਿਚ ਡਰ ਦਾ ਮਾਹੌਲ ਹੈ, ਜਿਸ ਤਰ੍ਹਾਂ ਤਿੰਨ ਮਹੀਨਿਆਂ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਵਿਚ ਪੰਜਾਬ ਦੇ ਲੋਕਾਂ ਨਾਲ ਖਿਲਵਾੜ ਕੀਤਾ ਹੈ ਉਸ ਲਈ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਨੂੰ ਸਬਕ ਸਿਖਾਉਣ ਨੂੰ ਤਿਆਰ ਬਰ ਤਿਆਰ ਬੈਠੇ ਹਨ, ਮੁਫਤ ਬਿਜਲੀ, ਔਰਤਾਂ ਨੂੰ ਇੱਕ ਇੱਕ ਹਜਾਰ ਰੁਪਏ ਅਨੇਕਾਂ ਵਾਅਦੇ ਜੋ ਸਰਕਾਰ ਬਣਨ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਲੋਕਾਂ ਨਾਲ ਕੀਤੇ ਸਨ ਉਹ ਸਭ ਝੂਠੇ ਸਾਬਿਤ ਹੋਏ ਹਨ। ਉਹਨਾਂ ਸਰਦਾਰ ਕੇਵਲ ਸਿੰਘ ਢਿੱਲੋਂ ਜੀ ਦਾ ਭਾਜਪਾ ਵਿੱਚ ਸਾਮਲ ਹੋਣਾ ਤੇ ਜੀ ਆਇਆਂ ਕਿਹਾ ਅਤੇ ਲੋਕ ਸਭਾ ਚੋਣਾਂ ਵਿੱਚ ਮੰਡਲ ਹੰਡਿਆਇਆ ਵੱਲੋਂ ਯਕੀਨ ਦਿਵਾਇਆ ਕਿ ਉਹ ਵਧ ਚੜ ਕੇ ਪਾਰਟੀ ਦੇ ਉਮੀਦਵਾਰ ਨੂੰ ਜਿਤਾਉਣ ਲਈ ਕੰਮ ਕਰਨਗੇ ਇਸ ਮੌਕੇ ਉਨ੍ਹਾਂ ਨਾਲ ਸੁਖਮਿੰਦਰ ਪਾਲ ਜੇਠੀ, ਗੋਰਾਂ ਲਾਲ, ਵਿਸਾਲ ਕੁਮਾਰ ਸੋਮ ਨਾਥ, ਆਦਿ ਭਾਜਪਾ ਆਗੂ ਹਾਜਰ ਸਨ।

# ਪਿਸਤੌਲ ਦੇ ਜੋਰ 'ਤੇ ਬੰਧਕ ਬਣਾ ਕੇ ਘਰ 'ਚ ਕੀਤੀ ਲੁੱਟ

**ਕਪੂਰਥਲਾ/ਪਰਮਜੀਤ ਸੰਨੀ**

ਬੀਤੀ ਰਾਤ ਚੋਰਾਂ ਨੇ ਕਪੂਰਥਲਾ ਦੇ ਸੇਖੂਪੁਰ 'ਚ ਇਕ ਘਰ 'ਤੇ ਧਾਵਾ ਬੋਲਦਿਆਂ ਕੁਝ ਅਣਪਛਾਤੇ ਲੁਟੇਰਿਆਂ ਨੇ ਪਿਸਤੌਲ ਦੇ ਜੋਰ 'ਤੇ ਘਰ ਦੇ ਮਾਲਕ ਤੇ ਉਸ ਦੀ ਪਤਨੀ ਨੂੰ ਬੰਦੀ ਬਣਾ ਕੇ ਘਰ 'ਚੋਂ 20 ਤੋਲੇ ਸੋਨਾ, ਇਕ ਲੱਖ ਰੁਪਏ ਦੀ ਨਕਦੀ ਤੇ ਇਕ ਰਿਵਾਲਵਰ ਲੁੱਟ ਕੇ ਫਰਾਰ ਹੋ ਗਏ।ਪੁਲਿਸ ਨੇ ਦੋ ਸੱਕੀਆਂ ਨੂੰ ਰਾਊਂਡ ਅੱਪ ਕੀਤਾ ਹੈ ਪਰ ਫਿਲਹਾਲ ਪੁਲਿਸ ਦੇ ਹੱਥ ਹਾਲੇ ਕੋਈ ਪੁਖਤਾ ਸੁਰਾਗ ਨਹੀਂ ਲੱਗਾ ਹੈ। ਜਾਣਕਾਰੀ ਦਿੰਦਿਆਂ ਘਰ ਦੇ ਮਾਲਕ ਅਸੋਕ ਕੁਮਾਰ ਪੁੱਤਰ ਬਲਦੇਵ ਰਾਜ ਵਾਸੀ ਸੇਖੂਪੁਰ ਨੇ ਦੱਸਿਆ ਕਿ ਉਹ ਤੇ ਉਸ ਦੀ ਪਤਨੀ ਰੀਟਾ ਸਰਮਾ ਬੀਤੀ ਰਾਤ ਆਪਣੇ ਘਰ 'ਚ ਸੁੱਤੇ ਹੋਏ ਸਨ ਤਾਂ ਰਾਤ 2 ਵਜੇ ਦੇ ਕਰੀਬ ਘਰ ਦੀ ਛੱਤ ਰਾਹੀਂ ਚਾਰ-ਪੰਜ ਵਿਅਕਤੀ ਘਰ ਅੰਦਰ ਦਾਖਲ ਹੋ ਗਏ ਅਤੇ ਆਉਂਦੇ ਹੀ ਉਕਤ ਅਣਪਛਾਤੇ ਚੋਰਾਂ ਨੇ ਉਸ ਨੂੰ ਲੱਤਾਂ ਤੇ ਬਾਹਾਂ ਤੋਂ ਫੜ੍ਹ ਲਿਆ ਅਤੇ ਕਹਿਣ ਲੱਗੇ ਕਿ ਉਨ੍ਹਾਂ ਪਿੱਛੇ ਪੁਲਿਸ ਲੱਗੀ ਹੋਈ ਹੈ ਤੇ ਉਨ੍ਹਾਂ ਨੂੰ ਥੋੜ੍ਹੀ ਦੇਰ ਪਨਾਹ ਦਿੱਤੀ ਜਾਵੇ, ਜੇਕਰ ਰੋਲਾ ਪਾਇਆ ਤਾਂ ਤੁਹਾਨੂੰ ਮਾਰ ਦਿੱਤਾ ਜਾਵੇਗਾ, ਕਿਉਂਕਿ ਅਸੀਂ ਪਹਿਲਾਂ ਹੀ ਇਕ ਕਤਲ ਕਰ ਕੇ ਆਏ ਹੋਏ ਹਾਂ। ਉਨ੍ਹਾਂ ਕੋਲ ਇਕ ਦੇਸੀ ਕੱਟਾ ਤੇ ਇਕ ਤੇਜਧਾਰ ਹਥਿਆਰ ਵੀ ਸੀ ਤੇ ਹਥਿਆਰ ਦਿਖਾ ਕੇ ਉਨ੍ਹਾਂ ਨੇ ਉਸ ਨੂੰ ਤੇ ਉਸ ਦੀ ਪਤਨੀ ਨੂੰ ਡਰਾ ਧਮਕਾ ਕੇ ਬੰਦੀ ਬਣਾ ਲਿਆ ਅਤੇ ਸਾਡੇ ਮੂੰਹ ਉੱਪਰ ਟੇਪ ਕਰ ਦਿੱਤੀ, ਜਿਸ ਤੋਂ ਬਾਅਦ ਚੋਰਾਂ ਨੇ ਉਨ੍ਹਾਂ ਦੇ ਹੱਥ-ਪੈਰ ਬੰਨ੍ਹ ਦਿੱਤੇ ਤੇ ਪੈਸਿਆਂ ਦੀ ਮੰਗ ਕਰਨ ਲੱਗੇ, ਜਿਸ 'ਤੇ ਉਸ ਦੀ ਪਤਨੀ ਨੇ ਉਨ੍ਹਾਂ ਨੂੰ ਅਲਮਾਰੀ ਦੀ ਚਾਬੀ ਦੇ ਦਿੱਤੀ ਤੇ ਉਕਤ ਅਣਪਛਾਤੇ ਚੋਰਾਂ ਨੇ ਅਲਮਾਰੀ 'ਚ ਪਏ ਕਰੀਬ 20 ਤੋਲੇ ਸੋਨੇ ਦੇ ਗਹਿਣੇ ਤੇ 1 ਲੱਖ ਦੇ ਕਰੀਬ ਨਕਦੀ, ਜੋ ਘਰ ਅੰਦਰ ਮਕਾਨ ਦੀ ਉਸਾਰੀ ਵਾਸਤੇ ਰੱਖੀ ਹੋਈ ਸੀ, ਲੁੱਟ ਲਈ ਅਤੇ ਜਾਂਦੇ-ਜਾਂਦੇ ਦਰਾਜ 'ਚ ਪਿਆ ਉਸ ਦਾ ਲਾਇਸੈਂਸੀ ਰਿਵਾਲਵਰ, ਜੋ ਲੋਡਿਡ ਸੀ, ਵੀ ਲਾਇਸੈਂਸ ਸਮੇਤ ਲੈ ਗਏ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਥਾਵਾਂ ਤੋਂ ਇਕੱਤਰ ਕੀਤੀ ਗਈ ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਉਨ੍ਹਾਂ ਨੂੰ 1-2 ਨੌਜਵਾਨਾਂ 'ਤੇ ਸੱਕ ਹੈ, ਜਿਸ ਦੀ ਜਾਣਕਾਰੀ ਉਨ੍ਹਾਂ ਪੁਲਿਸ ਨੂੰ ਦੇ ਦਿੱਤੀ ਹੈ। ਇਸ ਸਬੰਧੀ ਘਟਨਾ ਸਥਾਨ 'ਤੇ ਡੀਐੱਸਪੀ ਸੁਰਿੰਦਰ ਸਿੰਘ ਤੇ ਥਾਣਾ ਸਿਟੀ ਦੇ ਐੱਸਐੱਸਓ ਸੁਰਜੀਤ ਸਿੰਘ ਪੱਤੜ ਵੀ ਪਹੁੰਚੇ, ਜਿਨ੍ਹਾਂ ਮੁਆਇਨਾ ਕੀਤਾ ਤੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ। ਪੁਲਿਸ ਵੱਖ ਵੱਖ ਥਾਵਾਂ 'ਤੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਮਦਦ ਨਾਲ ਚੋਰਾਂ ਨੂੰ ਲੱਭਣ ਦਾ ਕੋਸ?ਿਸ ਕਰ ਰਹੀ ਹੈ ਤੇ ਜਲਦੀ ਚੋਰਾਂ ਨੂੰ ਕਾਬੂ ਕਰ ਲਏ ਜਾਣ ਦਾ ਦਾਅਵਾ ਕਰ ਰਹੀ ਹੈ।

# 'ਦੋਸਤ' ਦਾ ਨਿੱਕਾ ਬੂਟਾ ਇੱਕ ਦਿਨ ਬੋਹੜ ਦਾ ਵੱਡਾ ਦਰੱਖਤ ਬਣੇਗਾ : ਭਗਵਾਨ ਦਾਸ ਗੁੱਪਤਾ



**ਪਟਿਆਲਾ/ਲੋਕ ਬਾਣ**

ਉੱਘੀ ਗੈਰ ਸਰਕਾਰੀ ਸੰਸਥਾਂ ਡਰੀਮਜ ਆਫ ਸੋਸਲ ਟਰੈਡਜ "ਦੋਸਤ" (ਰਜਿ.)ਪਟਿਆਲਾ ਦੇ ਸਮੂੰਹ ਮੈਂਬਰਾਂ ਦੀ ਇੱਕ ਜਨਰਲ ਬਾਡੀ ਮੀਟਿੰਗ ਹੋਟਲ ਉੱਤਮ ਰੈਜੀਡੈਂਸੀਂ ਵਿਖੇ ਆਯੋਜਿਤ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਐਡਵੋਕੇਟ ਕੁਲਜੀਤ ਸਿੰਘ ਔਲੱਖ ਪ੍ਰਧਾਨ ਦੋਸਤ ਸੰਸਥਾਂ ਨੇ ਕੀਤੀ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਸੰਸਥਾਂ ਦੇ ਸੰਸਥਾਪਕ ਉੱਘੇ ਸਮਾਜਸੇਵੀ ਵਾਤਾਵਰਣ ਤੇ ਕਲਾ ਪ੍ਰੇਮੀ ਰੋਟਰੀ ਕਲੱਬ ਪਟਿਆਲਾ ਮਿਡ ਟਾਊਨ ਦੇ ਪ੍ਰਧਾਨ ਇਲੈਕਟ ਭਗਵਾਨ ਦਾਸ ਗੁੱਪਤਾ ਸਰਪ੍ਰਸਤ ਰੈਡ ਕਰਾਸ ਸੁਸਾਇਟੀ ਪਟਿਆਲਾ ਨੇ ਦੱਸਿਆ ਕਿ 6 ਸਤੰਬਰ 2011 ਨੂੰ ਉਹਨਾਂ ਦੇ ਜਨਮ ਦਿਵਸ ਮੌਕੇ ਡਾ.ਜੀ.ਐਸ.ਆਨੰਦ ਸਾਬਕਾ ਨਿਰਦੇਸਕ ਐਨ.ਆਈ.ਐਸ. ਤੇ ਖੇਤਰੀ ਨਿਰਦੇਸਕ ਸਪੋਰਟਸ ਅਥਾਰਟੀ ਆਫ ਇੰਡੀਆ, ਸਾਬਕਾ ਆਈ.ਏ.ਐਸ. ਮਨਜੀਤ ਸਿੰਘ ਨਾਰੰਗ, ਬਲਬੀਰ ਸਿੰਘ ਸਾਬਕਾ ਅਧਿਕਾਰੀ ਪਨਸਪ, ਗੁਰਕੀਰਤ ਸਿੰਘ ਗਰਚਾ ਸਾਬਕਾ ਸੀਨੀਅਰ ਮੇਨੈਜਰ ਬੈਂਕ ਆਫ ਇੰਡੀਆ, ਪ੍ਰਭਜੋਤ ਸਿੰਘ ਤੇ ਪ੍ਰੀਤਮ ਧੀਮਾਨ ਆਦਿ ਕੁੱਝ ਦੋਸਤਾਂ ਦੇ ਸਹਿਯੋਗ ਨਾਲ 'ਦੋਸਤ' ਸੰਸਥਾਂ ਹੋਂਦ ਵਿੱਚ ਆਈ ਸੀ। ਬਹੁਤ ਹੀ ਥੋੜ੍ਹੇ ਸਮੇਂ ਵਿੱਚ ਹੀ ਇਹ ਸੰਸਥਾ ਸਲਾਘਾਯੋਗ ਸਮਾਜਸੇਵੀ ਗਤੀਵਿਧੀਆਂ ਨਾਲ ਅੱਗੇ ਵੱਧਦੀ ਜਾ ਰਹੀ ਹੈ। ਸਮਾਜ ਦੇ ਹਰ ਵਰਗ ਦੇ ਲੋਕ ਇਸ ਸੰਸਥਾਂ ਨਾਲ ਜੁੜ ਰਹੇ ਹਨ ਜਿਸ ਨਾਲ ਦਿਨੋ-ਦਿਨ ਸੰਸਥਾਂ ਮਜਬੂਤ ਹੁੰਦੀ ਜਾ ਰਹੀ ਹੈ।ਇਹ ਬੂੱਟਾ ਇੱਕ ਨਾ ਇੱਕ ਦਿਨ ਜਰੂਰ ਵੱਡਾ ਬੋਹੜ ਦਾ ਦਰਖਤ ਬਣਕੇ ਹਜਾਰਾਂ ਲੋਕਾਂ ਨੂੰ ਛਾਂ ਦੇਵੇਗਾ।

ਮੀਟਿੰਗ ਦੌਰਾਨ ਦੋਸਤ ਅਸੋਕ ਰੌਣੀ ਦੇ ਪੰਜਾਬ ਖੋ ਖੋ ਐਸੋਸੀਏਸਨ ਦੇ ਸਰਬਸੰਮਤੀ ਨਾਲ ਪ੍ਰਧਾਨ ਬਨਣ ਅਤੇ ਦੋਸਤ ਸੁਭਾਸ ਗੁੱਪਤਾ ਉਦਮੀ ਸਾਬਕਾ ਕਾਰਜਕਾਰੀ ਮੈਂਬਰ ਰਾਜਿੰਦਰਾ ਜਿੰਮਖਾਨਾ ਮਹਿੰਦਰਾ ਕਲੱਬ ਦੇ ਸਪੁੱਤਰ ਰੋਹਿਤ ਗੁੱਪਤਾ ਦੇ ਰਾਜਿੰਦਰਾ ਜਿਮਖਾਨਾ ਮਹਿੰਦਰਾ ਕਲੱਬ ਦੇ ਚੰਗੀ ਲੀਡ ਨਾਲ ਕਾਰਜਕਾਰੀ ਮੈਂਬਰ ਬਨਣ ਤੇ ਮੈਂਬਰਾਂ ਵਲੋਂ ਖੁਸੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਖੁਸੀ ਵਿੱਚ ਦੋਵੇਂ ਮੈਂਬਰਾਂ ਵਲੋਂ ਰਾਤਰੀ ਭੋਜ ਵੀ ਸਪਾਂਸਰ ਕੀਤਾ ਗਿਆ।

ਇਸ ਮੌਕੇ ਐਡਵੋਕੇਟ ਬਲਜੀਤ ਸਿੰਘ ਜੋਸਨ ਅਤੇ ਅਮਰੀਕ ਸਿੰਘ ਭੁੱਲਰ ਸੀਨੀਅਰ ਜੰਗਲਾਤ ਅਫਸਰ ਨੂੰ ਦੋਸਤ ਪਿੰਨ ਲਾਕੇ ਸੰਸਥਾਂ ਵਿੱਚ ਸਾਮਲ ਕੀਤਾ ਗਿਆ।

ਸੰਸਥਾਂ ਦੇ ਜਨਰਲ ਸਕੱਤਰ ਸਾਬਕਾ ਲੈਫਟੀਨੈਂਟ ਕਰਨਲ ਜਰਨੈਲ ਸਿੰਘ ਥਿੰਦ ਨੇ ਸੰਸਥਾਂ ਵਲੋ ਕੀਤੇ ਜਾ ਰਹੇ ਸਮਾਜ ਭਲਾਈ ਕੰਮਾਂ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ.ਨਿਰਵੰਤ ਸਿੰਘ ਡਿਪਟੀ ਡਾਇਰੈਕਟਰ ਬਾਗਬਾਨੀ ਵਿਭਾਗ, ਪੰਜਾਬ ਪੁਲਿਸ ਦੇ ਸਾਬਕਾ ਐਸ.ਪੀ.ਮਨਜੀਤ ਸਿੰਘ ਬਰਾੜ,ਸੁਭਾਸ ਡਾਬਰ ਚੇਅਰਮੈਨ ਗੁਰੂਨਾਨਕ ਇੰਸਟਿਚਿਊਟ ਆਫ ਮੈਡੀਕਲ ਸਾਇੰਸ, ਆਰ.ਐਸ.ਔਲੱਖ ਸਾਬਕਾ ਜਨਰਲ ਮੇਨੈਜਰ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸਨ, ਗੁਰਤੇਜ ਸਿੰਘ ਭੁੱਲਰ ਸਾਬਕਾ ਕੇਂਦਰੀ ਕਸਟਮ ਅਧਿਕਾਰੀ, ਗੁਰਪਿਆਰ ਸਿੰਘ ਜੱਗੀ ਪ੍ਰਧਾਨ ਪਟਿਆਲਾ ਸਪੇਅਰ ਪਾਰਟਸ ਐਸੋਸੀਏਸਨ, ਡਾ.ਆਕਾਸ ਬਾਂਸਲ ਸਿੱਖਿਆ ਸਾਸਤਰੀ, ਤਰਸੇਮ ਬਾਂਸਲ ਪ੍ਰਧਾਨ ਰੋਟਰੀ ਕਲੱਬ ਪਟਿਆਲਾ ਮਿਡ ਟਾਊਨ, ਸੁਭਾਸ ਸਰਮਾ ਸਾਬਕਾ ਇਸਪੈਕਟਰ ਪੀ.ਆਰ.ਟੀ.ਸੀ. ਪੋਨੂੰ ਬੱਤਰਾ ਰੀਅਲ ਅਸਟੇਟ ਵੀ ਹਾਜਰ ਸਨ।

# ਸਿਹਤ ਵਿਭਾਗ ਵੱਲੋਂ ਪੌਦੇ ਲਗਾ ਕੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ



**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ**

ਸਿਵਲ ਸਰਜਨ ਲੁਧਿਆਣਾ ਡਾ ਐਸ ਪੀ ਸਿੰਘ ਦੀ ਅਗਵਾਈ ਹੇਠ, ਵਿਸ਼ਵ ਵਾਤਾਵਰਣ ਦਿਵਸ ਨੂੰ ਸਮਰਪਿਤ ਦਫ਼ਤਰ ਸਿਵਲ ਸਰਜਨ ਲੁਧਿਆਣਾ ਵਿਖੇ ਪੌਦੇ ਲਗਾਏ ਗਏ। ਇਸ ਮੌਕੇ ਡਾ ਐਸ.ਪੀ. ਸਿੰਘ ਨੇ ਕਿਹਾ ਕਿ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਹਰ ਇਕ ਇਨਸ਼ਾਨ ਨੂੰ ਆਪਣੇ ਘਰ ਅਤੇ ਆਲੇ ਦੁਆਲੇ ਰੁੱਖ ਲਾਉਣੇ ਚਾਹੀਦੇ ਹਨ ਤਾਂ ਕਿ ਪੰਜਾਬ ਨੂੰ ਸਿਹਤਯਾਬ ਬਣਾਉਣ ਦੇ ਨਾਲ-ਨਾਲ ਵਿਸ਼ਵ ਪੱਧਰ ‘ਤੇ ਵੱਧ ਰਹੇ ਪ੍ਰਦੂਸ਼ਣ ਨੂੰ ਕਾਬੂ ਹੇਠ ਰੱਖਿਆ ਜਾ ਸਕੇ। ਡਾ ਸਿੰਘ ਨੇ ਹਾਜ਼ਰ ਸਟਾਫ ਨੂੰ ਰੁੱਖ ਲਾਉਣ ਦੇ ਨਾਲ-ਨਾਲ ਵਾਤਾਵਰਣ ਦੀ ਸਫਾਈ ਵੱਲ ਧਿਆਨ ਦੇਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਸਾਨੂੰ ਆਪਣੇ ਘਰਾਂ ਵਿਚ ਔਸ਼ਧੀ ਗੁਣਾਂ ਵਾਲੇ ਪੌਦੇ ਵੀ ਲਾਉਣ ਚਾਹੀਦੇ ਹਨ।

ਉਨ੍ਹਾਂ ਨੌਜਵਾਨ ਪੀੜ੍ਹੀ ਨੂੰ ਅਪੀਲ ਕਰਦਿਆਂ ਕਿਹਾ ਕਿ ਸਾਨੂੰ ਵਾਤਵਰਣ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੋ ਕੇ ਇਸਨੂੰ ਬਚਾਉਣ ਦੇ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਰੁੱਖ ਲਾਉਣੇ ਜ਼ਰੂਰੀ ਹਨ ਪਰ ਉਨ੍ਹਾਂ ਦੀ ਸੰਭਾਲ ਕਰਨਾ ਉਸ ਤੋ ਵੀ ਜ਼ਿਆਦਾ ਜਰੂਰੀ ਹੈ।ਵਿਸ਼ਵ ਵਾਤਾਵਰਣ ਦਿਵਸ ਦੇ ਸਬੰਧ ਵਿਚ ਵੱਖ ਵੱਖ ਜ਼ਿਲ੍ਹਾ ਸਿਹਤ ਕੇਦਰਾਂ ਵਿਖੇ ਪੌਦੇ ਲਗਾ ਕੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ।

ਸਿਵਲ ਸਰਜਨ ਡਾ. ਐਸ.ਪੀ. ਸਿੰਘ ਵੱਲੋਂ ਇਹ ਵੀ ਅਪੀਲ ਕੀਤੀ ਗਈ ਕਿ ਪਲਾਸਟਿਕ ਦੀਆਂ ਵਸਤੂਆਂ ਦੀ ਵਰਤੋ ਨਾ ਕੀਤੀ ਜਾਵੇ ਕਿਉਕਿ ਪਲਾਸਟਿਕ ਸਿਹਤ ਲਈ ਹਾਨੀਕਾਰਕ ਹੈ ਅਤੇ ਜਿੰਨਾ ਵੀ ਹੋ ਸਕੇ ਪੈਦਲ ਚੱਲੋ ਜਾਂ ਸਾਈਕਲ ਦੀ ਵਰਤੋ ਕੀਤੀ ਜਾਵੇ ਕਿਉਕਿ ਗੱਡੀਆਂ ਨਾਲ ਵੀ ਪ੍ਰਦੂਸ਼ਣ ਫੈਲਦਾ ਹੈ ਅਤੇ ਘਰਾਂ ਦੇ ਕੂੜੇ ਕਰਕਟ ਨੂੰ ਵੀ ਖੁੱਲੇ ਵਿੱਚ ਨਾ ਸੁੱਟਿਆ ਜਾਵੇ। ਇਸ ਮੌਕੇ ਸਟਾਫ ਦੇ ਨਾਲ ਨਾਲ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਵੀ ਮੌਜੂਦ ਸਨ।

# ਸਿੱਧੂ ਮੂਸੇਵਾਲਾ ਦੀ ਯਾਦ ’ਚ ਲਗਾਈ ਠੰਡੇ ਮਿੱਠੇ ਜਲ ਦੀ ਛਬੀਲ



**ਰਾਏਕੋਟ/ਗੁਰਭਿੰਦਰ ਗੁਰੀ:**- ਅੱਜ ਰਾਏਕੋਟ ਦੇ ਮੁਹੱਲਾ ਕੱਚਾ ਕਿਲਾ ਵਿਖੇ ਨੋਜਵਾਨ ਸਭਾ ਵੱਲੋਂ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ, ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੰਦੀਪ ਸਿੰਘ ਅਤੇ ਬਿੰਦਰ ਸਿੰਘ ਨੇ ਦੱਸਿਆ ਕਿ ਸਿੱਧੂ ਮੂਸੇਵਾਲਾ ਇੱਕ ਕਲਾਕਾਰ ਹੋਣ ਦੇ ਨਾਲ ਨਾਲ ਇੱਕ ਬਹੁਤ ਹੀ ਵਧੀਆ ਨੇਕ ਦਿਲ ਇਨਸਾਨ ਸੀ ਜੋ ਹਰ ਸਮੇਂ ਤੇ ਸਮਾਜ ਸੇਵੀ ਕੰਮਾਂ ਵਿਚ ਆਪਣਾ ਯੋਗਦਾਨ ਪਾਉਂਦਾ ਰਹਿੰਦਾ ਸੀ ਉਸ ਦੀ ਬੇਵਕਤੀ ਮੌਤ ਨਾਲ ਸਾਡੇ ਸਮਾਜ ਅਤੇ ਸੱਭਿਆਚਾਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ ! ਅੱਜ ਅਸੀਂ ਇੱਕ ਛੋਟੀ ਜਿਹੀ ਕੋਸ਼ਿਸ਼ ਕਰ ਕੇ ਅਸੀਂ ਸਿੱਧੂ ਮੂਸੇਵਾਲਾ ਨੂੰ ਸਰਧਾਂਜਲੀ ਦਿੱਤੀ ਹੈ

ਇਸ ਮੌਕੇ ਲਾਡੀ ਜੱਖੂ, ਜੱਸਾ ਸਿੰਘ, ਦੀਪੀ ਰਾਏਕੋਟ, ਵਿੱਕੀ ਜੱਖੂ, ਰਾਜਾ, ਅਰਸ਼ਦੀਪ ਸਿੰਘ, ਰਾਜੂ, ਆਸ਼ੂ ਆਦਿ ਨੇ ਜਲ ਦੀ ਸੇਵਾ ਨਿਭਾਈ।

# ਵਿਸ਼ਵ ਵਾਤਾਵਰਣ ਦਿਵਸ ਮੌਕੇ ਡਿਪਟੀ ਕਮਿਸ਼ਨਰ ਵੱਲੋਂ ਸਿੱਧਵਾਂ ਕਨਾਲ ਦੇ ਕੰਢਿਆਂ ‘ਤੇ ਪੌਦੇ ਲਗਾਉਣ ਦੀ ਮੁਹਿੰਮ ਦੀ ਸ਼ੁਰੂਆਤ



**ਲੁਧਿਆਣਾ/ਸੁਖਚੈਨ ਮਹਿਰਾ**

ਵਿਸ਼ਵ ਵਾਤਾਵਰਣ ਦਿਵਸ ਮੌਕੇ ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀਮਤੀ ਸੁਰਭੀ ਮਲਿਕ ਵੱਲੋਂ ਸਿੱਧਵਾਂ ਕਨਾਲ ਦੇ ਕੰਢਿਆਂ ‘ਤੇ ਪੌਦੇ ਲਗਾਉਣ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ। ਇਸ ਮੌਕੇ ਉਨ੍ਹਾਂ ਲੁਧਿਆਣਾ ਵਾਸੀਆਂ ਕੁਦਰਤ ਦੀਆਂ ਸਭ ਤੋਂ ਅਨਮੋਲ ਵਸਤਾਂ ਪਾਣੀ, ਹਵਾ ਤੇ ਧਰਤੀ ਦੀ ਸ਼ੁੱਧਤਾ ਅਤੇ ਸਾਂਭ ਸੰਭਾਲ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਕੁਦਰਤੀ ਸਾਧਨ ਸਿਹਤਮੰਦ ਰਹਿਣਗੇ ਤਾਂ ਹੀ ਮਨੁੱਖ ਨਰੋਆ ਅਤੇ ਬਿਮਾਰੀਆਂ ਰਹਿਤ ਜੀਵਨ ਬਸਰ ਕਰ ਸਕਦਾ ਹੈ। ਇਸ ਮੌਕੇ ਉਨ੍ਹਾਂ ‘ਲੈਟਸ ਕਲੀਨ ਲੁਧਿਆਣਾ ਫਾਊਂਡੇਸ਼ਨ (ਰਜਿ:)‘ ਦੀ ਵੀ ਸ਼ਲਾਘਾ ਕੀਤੀ ਜਿਨ੍ਹਾਂ ਸਿੱਧਵਾਂ ਕਨਾਲ ਦੇ ਨੇੜੇ ਖਾਲੀ ਪਈ ਜ਼ਮੀਨ ਨੂੰ ਪੱਧਰ ਕਰਕੇ ਓਥੇ ਫੁੱਲਦਾਰ ਪੌਦੇ ਲਗਾਉਣ ਦੀ ਸ਼ੁਰੂਆਤ ਕੀਤੀ ਹੈ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਸਾਰੇ ਭਾਗੀਦਾਰਾਂ ਦਾ ਧੰਨਵਾਦ ਕੀਤਾ ਜੋ ਲੁਧਿਆਣਾ ਸ਼ਹਿਰ ਨੂੰ ਸਾਫ ਸੁੱਥਰਾ ਤੇ ਹਰਿਆ ਭਰਿਆ ਬਣਾਈ ਰੱਖਣ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ ਜਾ ਰਿਹਾ ਹੈ। ਇਸ ਤੋਂ ਬਾਅਦ ਡਿਪਟੀ ਕਮਿਸ਼ਨਰ ਵੱਲੋਂ ਲੋਧੀ ਕਲੱਬ ਦੀ ਕਾਰਜ਼ਕਾਰੀ ਕਮੇਟੀ ਦੁਆਰਾ ਐਨ.ਜੀ.ਓ. ਸਿਟੀ ਨੀਡਜ ਦੇ ਸਹਿਯੋਗ ਨਾਲ ਵਿਸ਼ਵ ਵਾਤਾਵਰਣ ਦਿਵਸ ਨੂੰ ਸਮਰਪਿਤ ਸਮਾਗਮ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਡਿਪਟੀ ਕਮਿਸ਼ਨਰ ਵੱਲੋਂ ਆਪਣੇ ਸੰਬੋਧਨ ਵਿੱਚ ਕਿਹਾ ਗਿਆ ਕਿ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਅਜਿਹੇ ਕਾਰਜ ਕਰਨੇ ਚਾਹੀਦੇ ਹਨ ਜਿਹਨਾਂ ਨਾਲ ਅਸੀਂ ਪਾਣੀ, ਹਵਾ ਅਤੇ ਧਰਤੀ ਨੂੰ ਸਿਹਤਮੰਦ ਰੱਖ ਸਕੀਏ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਇਹੀ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਹੋਵੇਗੀ ਜੇਕਰ ਅਸੀਂ ਆਪਣੇ ਕੁਦਰਤੀ ਸੋਮਿਆਂ ਨੂੰ ਪ੍ਰਦੂਸ਼ਣ ਅਤੇ ਹੋਰ ਵਿਗਾੜਾਂ ਤੋਂ ਬਚਾ ਸਕੀਏ। ਉਨ੍ਹਾਂ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਅੱਜ ਮਨੁੱਖ ਨੇ ਇਸ ਕਦਰ ਪਾਣੀ, ਹਵਾ ਅਤੇ ਧਰਤੀ ਤੇ ਪ੍ਰਦੂਸ਼ਣ ਫੈਲਾ ਦਿੱਤਾ ਹੈ ਕਿ ਨਿੱਤ ਨਵੀਆਂ ਬਿਮਾਰੀਆਂ ਮਨੁੱਖਾਂ ਸਮੇਤ ਹਰੇਕ ਜੀਵ ਜੰਤੂ ਨੂੰ ਆਪਣੀ ਜਕੜ ਵਿਚ ਲੈ ਰਹੀਆਂ ਹਨ। ਉਨ੍ਹਾਂ ਕਿਹਾ ਕਿ ਫਸਲਾਂ ਦੇ ਨਾੜ ਨੂੰ ਅੱਗ ਲਗਾ ਕੇ ਅਸੀਂ ਧਰਤੀ ਦੇ ਪੌਸ਼ਟਿਕ ਤੱਤਾਂ ਨੂੰ ਵੀ ਮੁਕਾ ਰਹੇ ਹਾਂ ਅਤੇ ਅੱਗ ਨਾਲ ਹੋਣ ਵਾਲਾ ਧੂੰਆਂ ਜਿੱਥੇ ਹਵਾ ਨੂੰ ਪ੍ਰਦੂਸ਼ਿਤ ਕਰਦਾ ਹੈ ਉੱਥੇ ਸੜਕੀ ਦੁਰਘਟਨਾਵਾਂ ਨੂੰ ਵੀ ਸੱਦਾ ਦਿੰਦਾ ਹੈ। ਇਸੇ ਤਰ੍ਹਾਂ ਬਹੁਤ ਤਰ੍ਹਾਂ ਦੀ ਰਹਿੰਦ-ਖੂੰਹਦ ਨਾਲ ਅਸੀਂ ਪਾਣੀਆਂ ਨੂੰ ਵੀ ਗੰਧਲਾ ਕਰਦੇ ਜਾ ਰਹੇ ਹਾਂ। ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਤੋਂ ਬਿਨਾਂ ਕੁਦਰਤ ਦੀ ਸੰਭਾਲ ਅਤੇ ਕੁਦਰਤੀ ਸੋਮਿਆਂ ਦੀ ਯੋਗ ਵਰਤੋਂ ਨੂੰ ਯਕੀਨੀ ਨਹੀਂ ਬਣਾਇਆ ਜਾ ਸਕਦਾ। ਉਨ੍ਹਾਂ ਕਿਹਾ ਕਿ ਸਿਹਤਮੰਦ ਵਾਤਾਵਰਣ ਅਤੇ ਕੁਦਰਤ ਬਿਨਾਂ ਮਨੁੱਖੀ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸ ਲਈ ਆਓ ਸਾਰੇ ਪ੍ਰਣ ਕਰੀਏ ਕਿ ਵਿਸ਼ਵ ਵਾਤਾਵਰਣ ਦਿਵਸ ਮੌਕੇ ਉਹ ਸਾਰੇ ਕਾਰਜ ਕਰੀਏ ਜਿਸ ਨਾਲ ਨਰੋਆ ਕੁਦਰਤੀ ਵਾਤਾਵਰਣ ਬਣਿਆਂ ਰਹੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸ੍ਰੀ ਅਮਿਤ ਕੁਮਾਰ ਪੰਚਾਲ, ‘ਲੈਟਸ ਕਲੀਨ ਲੁਧਿਆਣਾ ਫਾਊਂਡੇਸ਼ਨ ਦੇਂ ਮੈਂਬਰ ਕਰਨਲ ਜੇ.ਐਸ. ਗਿੱਲ, ਰਾਧਿਕਾ ਜੈਤਵਾਨੀ, ਦੀਪਇੰਦਰ ਸਿੰਘ ਚਾਹਲ, ਡਾ. ਅਮਨਦੀਪ ਸਿੰਘ ਬੈਂਸ, ਮਨੀਤ ਦਿਵਾਨ, ਮਿਰਦੁਲਾ ਜੈਨ, ਰਾਕੇਸ਼ ਸਿੰਗਲ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਜੌਹਲਾਂ ਪ੍ਰਾਇਮਰੀ ਸਕੂਲ ’ਚ ਸਮਰ ਕੈਂਪ ਲਗਾਇਆ



**ਰਾਏਕੋਟ/ਗੁਰਭਿੰਦਰ ਗੁਰੀ:**- ਕਰੀਬੀ ਪਿੰਡ ਜੌਹਲਾਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਗਰਮੀਆਂ ਦੀਆਂ ਛੁਟੀਆਂ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਈ ਤੋਂ ਇਲਾਵਾ ਹੋਰ ਵੱਖ-ਵੱਖ ਗਤੀਵਿਧੀਆਂ ਰਾਹੀਂ ਗਿਆਨ ਵਿੱਚ ਵਾਧਾ ਕਰਨ ਦੇ ਲਈ 1 ਜੂਨ ਤੋਂ 5 ਜੂਨ ਤੱਕ ਸਮਰ ਕੈਂਪ ਦਾ ਆਯੋਜਨ ਕੀਤਾ ਗਿਆ ਹੈ। ਇਸ ਸਮਰ ਕੈਂਪ ਵਿੱਚ ਸੈਂਟਰ ਇੰਚਾਰਜ ਰਾਜਮਿੰਦਰਪਾਲ ਸਿੰਘ ਪਰਮਾਰ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਤੇ ਉਨ੍ਹਾਂ ਬੱਚਿਆਂ ਅਤੇ ਅਧਿਆਪਕਾਂ ਦੀ ਹੌਸਲਾ ਅਫਜਾਈ ਕੀਤੀ। ਇਸ ਸਮੇਂ ਸਕੂਲ ਇੰਚਾਰਜ ਸ੍ਰੀਮਤੀ ਲਖਵੀਰ ਕੌਰ ਨੇ ਦੱਸਿਆ ਕਿ ਸਕੂਲ ਦੇ ਸਮੁੱਚੇ ਸਟਾਫ ਵੱਲੋਂ ਮਿਲਕੇ ਬੱਚਿਆਂ ਨੂੰ ਹਰ ਰੋਜ਼ ਨਵੀਆਂ ਨਵੀਆਂ ਗਤੀਵਿਧੀਆਂ ਵਿਚ ਭਾਗ ਦਿਵਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਵਿੱਚ ਨਵੇਂ ਨਵੇਂ ਕੰਮਾਂ ਨੂੰ ਸਿੱਖਣ ਦੇ ਦਿਲਚਸਪੀ ਭਰੀ ਜਾ ਰਹੀ ਹੈ ।ਇਸ ਦੌਰਾਨ ਸੈਂਟਰ ਇੰਚਾਰਜ ਰਾਜਮਿੰਦਰਪਾਲ ਸਿੰਘ ਪਰਮਾਰ ਨੇ ਦੱਸਿਆ ਕਿ ਜੌਹਲਾਂ ਸਕੂਲ ਵੱਲੋਂ ਸਵੈ-ਇੱਛਾ ਨਾਲ ਸਮਰ ਕੈਂਪ ਲਗਾਇਆ ਜਾ ਰਿਹਾ ਹੈ ਤਾਂ ਜੋ ਬੱਚਿਆਂ ਵਿੱਚ ਪੜ੍ਹਾਈ ਤੋਂ ਇਲਾਵਾ ਹੋਰ ਗਤੀਵਿਧੀਆਂ ਸਿੱਖਣ ਅਤੇ ਕਰਨ ਦੇ ਲਈ ਕੋਮਲ ਕਲਾਵਾਂ ਦਾ ਵਿਸਥਾਰ ਕੀਤਾ ਜਾ ਸਕੇ ਉਹਨਾਂ ਬੱਚਿਆਂ ਨੂੰ ਗਰਮੀ ਦੀਆਂ ਛੁੱਟੀਆਂ ‘ਚ ਸਕੂਲ ਦੇ ਕੰਮ ਨੂੰ ਪੂਰਾ ਕਰਨਾ ਤੇ ਮਾਪਿਆਂ ਨਾਲ ਕੰਮ’ ਚ ਮਦਦ ਕਰਵਾਉਣ ਤੇ ਛੁੱਟੀਆਂ ਨੂੰ ਆਨੰਦਮਈ ਢੰਗ ਨਾਲ ਬਿਤਾਉਣ ਲਈ ਪ੍ਰੇਰਿਤ ਕੀਤਾ। ਸਮਰ ਕੈਂਪ ਦੌਰਾਨ ਸਕੂਲੀ ਬੱਚਿਆਂ ‘ਚ ਚਿੱਤਰਕਲਾ, ਥ੍ਰੀ ਲੈੱਗ ਰੇਸ, ਰੁਕਾਵਟ ਰੇਸ ਡਾਂਸ, ਕਹਾਣੀ ਮੁਕਾਬਲੇ, ਦੇਸ਼ ਭਗਤੀ ਦੇ ਗੀਤ, ਚਾਰਟ, ਪੇਂਟਿੰਗ ਅਤੇ ਪੋਸਟਰ ਮੇਕਿੰਗ ਮੁਕਾਬਲੇ ਅਤੇ ਲੜਕੀਆਂ ਨੂੰ ਕੁਕਿੰਗ ਅਤੇ ਸਿਲਾਈ ਤੋਂ ਇਲਾਵਾ ਡਾਂਸਿੰਗ ਮੁਕਾਬਲੇ ਵੀ ਕਰਵਾਏ ਜਾ ਰਹੇ ਹਨ। ਇਸ ਮੌਕੇ ਮਾਸਟਰ ਹਾਕਮ ਸਿੰਘ ,ਮੈਡਮ ਬਿੰਦੂ ਸ਼ਰਮਾ, ਮੈਡਮ ਅਮਨਦੀਪ ਕੌਰ ਹਾਜ਼ਰ ਸਨ ।

# ਵਿਸ਼ਵ ਵਾਤਾਵਰਣ ਦਿਵਸ ਮੌਕੇ ਸੁੱਖ ਗਿੱਲ ਨੇ ਆਪਣੇ ਖੇਤ ਚ 10 ਦਰੱਖਤ ਲਾ ਕੇ 'ਠੰਡੀ ਛਾਂ' ਮੁਹਿੰਮ ਦੀ ਕੀਤੀ ਸ਼ੁਰੂਆਤ



**ਮੋਗਾ/ਦਵਿੰਦਰ ਸਿੰਘ ਬਿੱਟੂ**

ਬੀਤੇ ਕੱਲ੍ਹ ਵਿਸ਼ਵ ਵਾਤਾਵਰਣ ਦਿਵਸ ਨੂੰ ਸਮੱਰਪਿਤ ਸੁੱਖ ਗਿੱਲ ਤੋਤਾ ਸਿੰਘ ਵਾਲਾ ਜਿਲ੍ਹਾ ਪ੍ਰਧਾਨ ਯੂਥ ਵਿੰਗ ਬੀ ਕੇ ਯੂ ਪੰਜਾਬ ਵੱਲੋਂ ਆਪਣੇ ਖੇਤ ਚ 10 ਦਰੱਖਤ ਹੋਰ ਲਾ ਕੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ,ਉਹਨਾਂ ਕਿਹਾ ਕੇ ਦਰੱਖਤ ਤਾਂ ਪਹਿਲਾਂ ਹੀ ਉਹਨਾਂ ਨੇ ਆਪਣੇ ਖੇਤ ਬਹੁਤ ਲਾਏ ਹੋਏ ਹਨ ਪਰ ਫਿਰ ਵੀ ਲੋਕਾਂ ਨੂੰ ਜਾਗਰੂਕ ਕਰਨ ਦੇ ਮਕਸਦ ਨਾਲ ਹੋਰ ਬੂਟੇ ਲਾਏ ਹਨ,ਸੁੱਖ ਗਿੱਲ ਨੇ ਕਿਸਾਨ ਵੀਰਾਂ ਤੇ ਆਮ ਲੋਕਾਂ ਨੂੰ ਵੀ ਬੇਨਤੀ ਕੀਤੀ ਕੇ ਉਹ ਵੀ ਆਪੋ- ਆਪਣੀਆਂ ਮੋਟਰਾਂ,ਖੇਤਾਂ,ਪਲਾਟਾਂ ਅਤੇ ਘਰਾਂ ਵਿੱਚ 10-10 ਪੌਦੇ ਜਰੂਰ ਲਾਓ,ਤਾਂ ਜੋ ਵਾਤਾਵਰਣ,ਪੌਣ-ਪਾਣੀ,ਗਰਮੀ ਅਤੇ ਆਕਸੀਜਨ ਨੂੰ ਬਚਾਇਆ ਜਾ ਸਕੇ,ਇਸ ਮੌਕੇ ਸੁੱਖ ਗਿੱਲ ਨੇ ਦੱਸਿਆ ਕੇ ਸੂਬਾ ਪ੍ਰਧਾਨ ਫਰਮਾਨ ਸਿੰਘ ਸੰਧੂ ਦੇ ਦਿਸ਼ਾ ਨਿਰਦੇਸ਼ਾਂ ਤੇ ਉਹਨਾਂ ਨੇ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਨਾਲ ਵੀ ਮੁਲਾਕਾਤ ਕਰਕੇ ਉਹਨਾਂ ਤੋਂ ਪੌਦੇ ਲੈਣ ਦੀ ਮੰਗ ਕੀਤੀ ਹੈ ਤਾਂ ਜੋ ਪਹਿਲਾਂ ਮੋਗਾ ਜਿਲ੍ਹੇ ਨੂੰ ਤੇ ਫਿਰ ਪੂਰੇ ਪੰਜਾਬ ਨੂੰ ਹਰਿਆ-ਭਰਿਆ ਬਣਾਉਣ ਲਈ ਜਤਨ ਕੀਤੇ ਜਾ ਸਕਣ,ਸੁੱਖ ਗਿੱਲ ਨੇ ਕਿਹਾ ਕੇ ਉਹ ਪੰਜਾਬ ਸਰਕਾਰ ਤੋਂ ਵੀ ਮੰਗ ਕਰਦੇ ਹਨ ਕੇ ਉਹਨਾਂ ਨੂੰ 20 ਤੋਂ 30 ਹਜਾਰ ਪੌਦਾ ਦਿੱਤਾ ਜਾਵੇ ਤਾਂ ਕੇ ਆਪਾਂ ਸਾਰੇ ਰਲ ਕੇ ਇਸ "ਠੰਡੀ ਛਾਂ" ਮੁਹਿੰਮ ਨੂੰ ਕਿਸਾਨਾਂ ਅਤੇ ਆਮ ਲੋਕਾਂ ਦੇ ਸਾਥ ਨਾਲ ਪੂਰੇ ਪੰਜਾਬ ਵਿੱਚ ਚਲਾ ਸਕੀਏ ਅਤੇ ਵੱਧ ਤੋਂ ਵੱਧ ਪੌਦੇ ਪੰਜਾਬ ਵਿੱਚ ਲਵਾ ਸਕੀਏ ਇਸ ਮੌਕੇ ਸੁੱਖ ਗਿੱਲ ਤੋਤਾ ਸਿੰਘ ਵਾਲਾ ਨਾਲ ਲਖਵਿੰਦਰ ਸਿੰਘ ਫੌਜੀ,ਇੰਦਰ ਗਿੱਲ,ਤਲਵਿੰਦਰ ਗਿੱਲ,ਸੁੱਖਚੈਨ ਪੰਡੋਰੀ,ਸੰਦੀਪ ਪੰਡੋਰੀ,ਗੁਰਚਰਨ ਨੰਬਰਦਾਰ ਰਸੂਲਪੁਰ,ਬਾਬਾ ਭੁਪਿੰਦਰ ਸਿੰਘ ਰਸੂਲਪੁਰ,ਜਥੇਦਾਰ ਸਤਨਾਮ ਸਿੰਘ ਲੋਹਗੜ੍ਹ,ਬਾਬਾ ਰਾਮ ਸਿੰਘ,ਵੀਰਪਾਲ ਕੌਰ ਲੋਹਗੜ੍ਹ,ਸੁਖਪਾਲ ਸਿੰਘ ਨੰਬਰਦਾਰ ਤੋਤਾ ਸਿੰਘ ਵਾਲਾ,ਗੁਰਮੀਤ ਸਿੰਘ ਢਿੱਲੋਂ,ਗੁਰਸਾਹਿਬ ਸਿੰਘ ਢਿੱਲੋਂ,ਬਲਜੀਤ ਸਿੰਘ ਜੁਲਕਾ,ਰਣਜੀਤ ਸਿੰਘ ਗਿੱਲ ਮੈਂਬਰ,ਪੂਰਨ ਸਿੰਘ ਗਿੱਲ,ਲਖਵਿੰਦਰ ਸਿੰਘ ਜੁਲਕਾ ਢੋਲੇਵਾਲਾ,ਕਾਲਾ ਸਰਪੰਚ ਢੋਲੇਵਾਲਾ,ਹਰਨੇਕ ਸਿੰਘ ਮਸੀਤਾਂ,ਕਾਰਜ ਸਿੰਘ ਮਸੀਤਾਂ, ਜਸਵਿੰਦਰ ਸਿੰਘ ਮਨੇਸ ਖੰਬੇ,ਗੁਰਮੇਲ ਸਿੰਘ ਖੰਬੇ ਸੁਰਿੰਦਰਪਾਲ ਸਿੰਘ ਪੱਪੂ ਢਿੱਲੋ,ਸੁੱਖਾ ਸਿੰਘ ਵਿਰਕ,ਫਤਿਹ ਸਿੰਘ ਭਿੰਡਰ ਅਤੇ ਸੁਖਜਿੰਦਰ ਸਿੰਘ ਸਰਪੰਚ ਭੈਣੀ ਹਾਜਰ ਸਨ!

# ਯੁਵਕ ਸੇਵਾਵਾਂ ਵਿਭਾਗ ਵਲੋਂ ਵਾਤਾਵਰਣ ਦਿਵਸ 'ਤੇ ਚਲਾਈ ਗਈ ਪੌਦਾ ਲਗਾਉਣ ਦੀ ਮੁਹਿੰਮ

**ਹੁਸ਼ਿਆਰਪੁਰ/ਰਮਿੰਦਰ ਕੌਰ**

ਯੁਵਕ ਸੇਵਾਵਾਂ ਵਿਭਾਗ ਹੁਸ਼ਿਆਰਪੁਰ ਵਲੋਂ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਮਾਨ ਵਲੋਂ ਵਾਤਾਵਰਣ ਸੰਭਾਲ ਲਈ ਚਲਾਈ ਗਈ ਮੁਹਿੰਮ ਤਹਿਤ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਸ੍ਰੀ ਪ੍ਰੀਤ ਕੋਹਲੀ ਵਲੋਂ ਜ਼ਿਲ੍ਹੇ ਵਿਚ ਵਿਭਾਗਾਂ ਨਾਲ ਸਬੰਧਤ ਯੂਥ ਕਲੱਬਾਂ, ਐਨ.ਐਸ.ਐਸ. ਯੂਨਿਟਾਂ, ਰੈਡ ਰੀਬਨ ਕਲੱਬਾਂ ਦੇ ਮੈਂਬਰਾਂ ਦੀ ਸਹਾਇਤਾ ਨਾਲ ਵਾਤਾਵਰਣ ਦਿਵਸ ਮਨਾਇਆ ਗਿਆ। ਇਸ ਮੌਕੇ ਜ਼ਿਲ੍ਹੇ ਦੇ ਵਲੰਟੀਅਰਾਂ ਵਲੋਂ ਛੁੱਟੀਆਂ ਹੋਣ ਦੇ ਬਾਵਜੂਦ ਆਪਣੇ-ਆਪਣੇ ਘਰ, ਗਲੀ, ਮੁਹੱਲਾ ਤੇ ਜਨਤਕ ਥਾਵਾਂ 'ਤੇ 12 ਹਜ਼ਾਰ ਦੇ ਕਰੀਬ ਪੌਦੇ ਲਗਾਏ ਗਏ। ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਨੇ ਦੱਸਿਆ ਕਿ ਛੁੱਟੀਆਂ ਦੇ ਚੱਲਦਿਆਂ ਸਕੂਲ, ਕਾਲਜ ਬੰਦ ਸਨ, ਇਸ ਲਈ ਸਕੂਲਾਂ ਤੇ ਕਾਲਜਾਂ ਦੇ ਪ੍ਰੋਗਰਾਮ ਅਧਿਕਾਰੀਆਂ ਨੂੰ ਵਟਸਅਪ ਗਰੁੱਪ ਰਾਹੀਂ ਇਕੱਠੇ ਕੀਤੇ ਗਏ ਅਤੇ ਉਨ੍ਹਾਂ ਨਾਲ ਆਨਲਾਈਨ ਮੀਟਿੰਗ ਕਰਕੇ ਉਨ੍ਹਾਂ ਨੂੰ ਪੌਦੇ ਲਗਾਉਣ ਲਈ ਉਤਸ਼ਾਹਿਤ ਕੀਤਾ ਗਿਆ। ਇਸ ਦੇ ਨਤੀਜੇ ਵਜੋਂ ਜ਼ਿਲ੍ਹੇ ਭਰ ਦੀਆਂ 47 ਸੰਸਥਾਵਾਂ ਦੇ 2300 ਵਲੰਟੀਅਰਾਂ ਨੇ 12 ਹਜ਼ਾਰ ਦੇ ਕਰੀਬ ਪੌਦੇ ਲਗਾ ਕੇ ਲੋਕਾਂ ਨੂੰ ਵਾਤਾਵਰਣ ਦੀ ਸੁਰੱਖਿਆ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਵਾਤਾਵਰਣ ਦਿਵਸ ਮਨਾਉਣ ਦੇ ਨਾਲ-ਨਾਲ ਪਾਣੀ ਦੀ ਬੱਚਤ ਕਰਨ ਲਈ ਵੀ ਪਿੰਡਾਂ ਅਤੇ ਸ਼ਹਿਰਾਂ ਨੂੰ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵਿਭਾਗ ਵਲੋਂ ਹੁਸ਼ਿਆਰਪੁਰ ਵਿਚ 20 ਹਜ਼ਾਰ ਤੋਂ ਵੱਧ ਪੌਦੇ ਲਗਾਉਣ ਦਾ ਟੀਚਾ ਨਿਰਧਾਰਤ ਕੀਤਾ ਗਿਆ ਹੈ, ਜਿਸ ਲਈ ਵਣ ਵਿਭਾਗ ਦਾ ਸਹਿਯੋਗ ਲਿਆ ਜਾਵੇਗਾ, ਤਾਂ ਜੋ ਵਾਤਾਵਰਣ ਨੂੰ ਸੰਤੁਲਿਤ ਕਰਨ ਵਿਚ ਅਹਿਮ ਯੋਗਦਾਨ ਪਾਇਆ ਜਾ ਸਕੇ। ਉਨ੍ਹਾਂ ਉਪਰੋਕਤ ਗਤੀਵਿਧੀਆਂ ਨੂੰ ਚਲਾਉਣ ਲਈ ਵੱਧ ਤੋਂ ਵੱਧ ਨੌਜਵਾਨਾਂ ਨੂੰ ਵਿਭਾਗ ਨਾਲ ਜੁੜਨ ਦੀ ਅਪੀਲ ਕੀਤੀ।

# ਮਿਸ਼ਨ ਹਰਿਆਲੀ ਦੀ ਸ਼ੁਰੂਆਤ ਕੀਤੀ




## ਤਕਰੀਬਨ 200 ਪੌਦੇ ਲਗਾਏ ਗਏ

**ਲੁਧਿਆਣਾ/ਵਰਿੰਦਰ ਪ੍ਰਕਾਸ਼ ਭਾਂਬਰੀ, ਸੁਖਚੈਨ ਮਹਿਰਾ**

ਮਾਰਸਲ ਏਡ ਫਾਊਂਡੇਸਨ (ਰਜਿ) ਦੇ ਸੰਚਾਲਕ ਮਨਦੀਪ ਕੇਸਵ ਗੁੱਡੂ ਅਤੇ ਸੀਨੀਅਰ ਟੀਮ ਲੀਡਰ ਪ੍ਰਤੀਕ ਵਰਮਾ ਜੀ ਦੀ ਅਗਵਾਈ ਹੇਠ ਪਿੰਡ ਗੌਂਸਪੁਰ ਵਿਖੇ ਇੱਕ ਪ੍ਰੋਗਰਾਮ ਦੌਰਾਨ ਲੁਧਿਆਣਾ ਸ਼ਹਿਰ ਦੇ ਡਿਪਟੀ ਕਮਿਸ਼ਨਰ ਸੁਰਭੀ ਮਲਿਕ ਜੀ ਦੇ ਕਰ-ਕਮਲਾਂ ਮਿਸਨ ਹਰਿਆਲੀ ਦੀ ਸੁਰੂਆਤ ਕੀਤੀ ਗਈ। ਏਡੀਸੀ ਸ੍ਰੀ ਅਮਿਤ ਪੰਚਾਲ ਜੀ ਵੀ ਇਸ ਮੌਕੇ ਤੇ ਮੌਜੂਦ ਰਹੇ। ਇਸ ਮੁਹਿੰਮ ਵਿੱਚ ਮਾਰਸਲ ਏਡ ਫਾਊਂਡੇਸਨ ਦੇ ਮੈਂਬਰਾਂ ਵੱਲੋਂ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਉਨ੍ਹਾਂ ਤਕਰੀਬਨ 200 ਪੌਦੇ ਲਗਾਏ ਗਏ। ਡਿਪਟੀ ਕਮਿਸਨਰ ਸੁਰਭੀ ਮਲਿਕ ਜੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਆਕਸੀਜਨ ਦੀ ਘਾਟ ਜਾਂ ਰੁੱਖ ਕੱਟਣ ਕਰਕੇ ਆ ਰਹੀਆਂ ਮੁਸਕਲਾਂ ਨੂੰ ਹੱਲ ਕਰਨ ਲਈ ਆਲੇ-ਦੁਆਲੇ ਰੁੱਖ ਲਗਾਈਏ ਤਾਂ ਜੋ ਸਾਡਾ ਵਾਤਾਵਰਣ ਰਮਣੀਕ ਬਣੇ ਅਤੇ ਭਵਿੱਖ ਵਿੱਚ ਸਾਨੂੰ ਇਹਨਾਂ ਉਪਰੋਕਤ ਮੁਸਕਿਲਾਂ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਨੇ ਮਿਸਨ ਹਰਿਆਲੀ ਦੌਰਾਨ ਪ੍ਰਸਾਸਨ ਅਤੇ ਵਣ ਵਿਭਾਗ ਦੇ ਅਧਿਕਾਰੀਆਂ ਵੱਲੋਂ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿੱਤਾ। ਮਾਰਸਲ ਏਡ ਫਾਊਂਡੇਸਨ ਦੇ ਸੰਸਥਾਪਕ ਮਨਦੀਪ ਕੇਸਵ ਜੀ ਅਤੇ ਸੀਨੀਅਰ ਟੀਮ ਲੀਡਰ ਪ੍ਰਤੀਕ ਵਰਮਾ ਜੀ ਨੇ ਮਾਨਯੋਗ ਡਿਪਟੀ ਕਮਿਸਨਰ ਮੈਡਮ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਪ੍ਰਸਾਸਨ ਨਾਲ ਮਿਲ ਕੇ ਸਮਾਜਿਕ ਸੁਧਾਰਾਂ ਸਬੰਧੀ ਵਿਸੇਸ ਪ੍ਰੋਗਰਾਮ ਆਯੋਜਿਤ ਕਰਨ ਦਾ ਵਾਅਦਾ ਕੀਤਾ।

# 10ਜੂਨ ਨੂੰ ਆਪਣੀ ਹੱਕੀ ਮੰਗਾਂ ਲਈ ਮਨਵਾਉਣ ਲਈ ਸਿਵਲ ਸਰਜਨ ਦਫਤਰ ਗੁਰਦਾਸਪੁਰ ਅੱਗੇ ਰੋਸ ਪ੍ਰਦਰਸਨ ਕਰਨਗੀਆਂ ਆਸ਼ਾ ਵਰਕਰਾਂ



**ਗੁਰਦਾਸਪੁਰ-ਨਵਨੀਤ ਕੁਮਾਰ**

ਆਸ਼ਾ ਵਰਕਰ ਤੇ ਫੈਸਿਲੀਟੇਟਰ ਯੂਨੀਅਨ ਪੰਜਾਬ ਗੁਰਦਾਸਪੁਰ ਵਲੋਂ 10 ਜੂਨ ਨੂੰ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਗੁਰਦਾਸਪੁਰ ਸਿਵਿਲ ਸਰਜਨ ਦਫਤਰ ਗੁਰਦਾਸਪੁਰ ਵਿਖੇ ਰੋਸ ਪ੍ਰਦਰਸਨ ਕੀਤਾ ਜਾਵੇਗਾ। ਜਥੇਬੰਦੀ ਦੀ ਜ਼ਿ?ਲ੍ਹਾ ਪ੍ਰਧਾਨ ਬਲਵਿੰਦਰ ਕੌਰ ਅਲੀ ਸੇਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਸੂਬਾ ਕਮੇਟੀ ਦੀ ਅਹਿਮ ਮੀਟਿੰਗ ਸਰਬਜੀਤ ਕੌਰ ਮਚਾਕੀ ਦੀ ਪ੍ਰਧਾਨਗੀ ਹੇਠ ਕੰਪਨੀ ਬਾਗ ਅੰਮ੍ਰਿਤਸਰ ਵਿਖੇ ਕੀਤੀ ਗਈ। ਜਿਸ ਵਿੱਚ ਵੱਖ ਵੱਖ ਜਿਲਿਆ ਦੇ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ।ਮੀਟਿੰਗ ਵਿੱਚ ਕੋਵਿਡ 19 ਫਤਹਿ ਭੱਤਾ ਬੰਦ ਕਰਨ,ਚਿੱਟੇ ਦਾ ਸਰਵੇਖਣ ਕਰਵਾਉਣ ਅਤੇ 2500 ਰੁਪਏ ਦੇ ਭੱਤੇ ਤੇ ਬੇਲੋੜੀਆਂ ਸ਼ਰਤਾਂ ਲਗਵਾਉਣ ਦੇ ਵਿਰੋਧ ਵਿੱਚ ਅਗਲੇ ਜਥੇਬੰਦਕ ਐਕਸ਼ਨਾ ਦਾ ਐਲਾਨ ਕੀਤਾ ਗਿਆ ਜਿਸ ਵਿੱਚ ਪੰਜਾਬ ਦੇ ਸਮੂਹ ਸਿਵਲ ਸਰਜਨਾਂ ਦੇ ਦਫਤਰਾਂ ਦੇ ਸਾਹਮਣੇ 9 ਅਤੇ 10 ਜੂਨ ਨੂੰ ਜਿਲਾ ਪੱਧਰੀ ਰੋਸ ਪ੍ਰਦਰਸ਼ਨ ਕਰਕੇ ਸਿਵਲ ਸਰਜਨਾਂ ਨੂੰ ਮੰਗ ਪੱਤਰ ਦਿੱਤੇ ਜਾਣਗੇ।ਮਿਤੀ 14 ਜੂਨ ਨੂੰ ਡਾਇਰੈਕਟਰ ਨੈਸ਼ਨਲ ਹੈਲਥ ਮਿਸ਼ਨ ਪੰਜਾਬ ਨੂੰ ਮਾਸ ਡੈਪੂਟੇਸ਼ਨ ਮਿਲਿਆ ਜਾਵੇਗਾ।ਇਸ ਤੋ ਬਾਅਦ 24 ਜੂਨ 2022 ਨੂੰ ਚੰਡੀਗੜ੍ਹ ਪਰਿਆਸ ਭਵਨ ਸਾਹਮਣੇ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।ਇਸ ਤੋ ਇਲਾਵਾ ਆਸ਼ਾ ਵਰਕਰ ਤੇ ਫੈਸਲੀਟੇਟਰ ਯੂਨੀਅਨ ਪੰਜਾਬ ਦੀਆਂ ਜਥੇਬੰਦਕ ਚੋਣਾ ਕਰਵਾਉਣ ਦਾ ਵੀ ਐਲਾਨ ਕੀਤਾ ਗਿਆ।ਜਿਸ ਵਿੱਚ 15 ਜੁਲਾਈ ਤੱਕ ਬਲਾਕ ਅਤੇ 31 ਜੁਲਾਈ ਤੱਕ ਜਿਲਾ ਪੱਧਰ ਦੀਆ ਚੋਣਾ ਮੁਕੰਮਲ ਕਰਵਾਉਣ ਅਤੇ ਅਗਸਤ ਮਹੀਨੇ ਸੂਬਾਈ ਅਜਲਾਸ ਕਰਕੇ ਸਟੇਟ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਗਿਆ।ਇਸ ਮੀਟਿੰਗ ਨੂੰ ਪਰਮਜੀਤ ਕੌਰ ਮਾਨ, ਸ਼ਕੁੰਤਲਾ ਸਰੋਏ, ਗੁਰਜੀਤ ਕੌਰ ਸ਼ਾਹਕੋਟ ,ਅੰਮ੍ਰਿਤਪਾਲ ਕੌਰ , ਕਲਵਿੰਦਰ ਕੌਰ,ਬਲਵਿੰਦਰ ਕੌਰ ਟਿੱਬਾ, ਰਜਿੰਦਰਪਾਲ ਕੌਰ ,ਗੁਰਮਿੰਦਰ ਕੌਰ ਬਹਿਰਾਮਪੁਰ,ਰਣਜੀਤ ਕੌਰ ਦੁਲਾਰੀ,ਸਰਬਜੀਤ ਕੌਰ ਅੰਮ੍ਰਿਤਸਰ ,ਹਰਪਾਲ ਕੌਰ ਮੁਕਤਸਰ,ਲਖਵਿੰਦਰ ਕੌਰ ਨਾਰਲੀ,ਇੰਦੂ ਬਾਲਾ,ਸੁਖਵੀਰ ਕੌਰ ਫਰੀਦਕੋਟ ਤੋ ਇਲਾਵਾ ਡੀ.ਐਮ.ਐਫ ਦੇ ਸੂਬਾਈ ਆਗੂ ਜਰਮਨਜੀਤ ਸਿੰਘ , ਹਰਿੰਦਰ ਦੁਸਾਂਝ, ਪ੍ਰਮੋਦ ਗਿੱਲ, ਬਲਵਿੰਦਰ ਕੌਰ ਗੁਰਦਾਸਪੁਰ, ਗੁਰਿੰਦਰਜੀਤ ਸਿੰਘ ਨੇ ਸੰਬੋਧਨ ਕੀਤਾ।

# ਸਾਂਝੀ ਐਕਸ਼ਨ ਕਮੇਟੀ ਰਸਡ ਵੱਲੋਂ ਮੁਲਾਜਮ ਮੰਗਾਂ ਸੰਬੰਧੀ ਮੰਤਰੀ ਕਟਾਰੂਚੱਕ ਨੂੰ ਦਿੱਤਾ ਮੰਗ ਪੱਤਰ



**ਅੰਮ੍ਰਿਤਸਰ/ਰਾਜਾ ਕੋਟਲੀ**

ਰਣਜੀਤ ਸਾਗਰ ਡੈਮ ਪ੍ਰੋਜੈਕਟ ਸਾਹਪੁਰਕੰਡੀ ਵਿਖੇ ਕੰਮ ਕਰਦੀਆਂ ਮੁਲਾਜਮ ਜਥੇਬੰਦੀਆਂ 'ਤੇ ਅਧਾਰਿਤ ਬਣੀ ਸਾਂਝੀ ਐਕਸਨ ਕਮੇਟੀ ਦਾ ਇੱਕ ਵਫਦ ਸ੍ਰੀ ਰੋਸਨ ਲਾਲ ਭਗਤ, ਤਾਲਮੇਲ ਸਕੱਤਰ ਦੀ ਅਗਵਾਈ ਵਿੱਚ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੂੰ ਮਿਲਿਆ। ਵਫਦ ਨੇ ਡੈਮ ਦੇ ਮੁਲਾਜਮਾਂ ਦੀਆਂ ਮੁਸਕਲਾਂ ਅਤੇ ਨਵੇਂ ਪੈਦਾ ਹੋਏ ਮਸਲਿਆਂ ਸਬੰਧੀ ਮੰਗ-ਪੱਤਰ ਦਿੱਤਾ। ਉਨ੍ਹਾਂ ਮੰਤਰੀ ਸਾਹਿਬ ਨੂੰ ਜਾਣੂ ਕਰਵਾਉਂਦਿਆਂ ਦੱਸਿਆ ਕਿ ਅਸੀਂ ਬਾਰ-ਬਾਰ ਮੰਗ-ਪੱਤਰ ਰਾਹੀਂ ਕੁਆਟਰ ਲੀਜ 'ਤੇ ਦੇਣ ਲਈ ਡੈਮ ਪ੍ਰਸਾਸਨ ਨੂੰ ਬੇਨਤੀ ਕਰਦੇ ਰਹੇ ਹਾਂ। ਪਰ ਡੈਮ ਅਧਿਕਾਰੀਆਂ ਨੇ ਇਸ ਮਸਲੇ ਹੱਲ ਤਾਂ ਕੀ ਕੱਢਣਾ ਸੀ, ਸਗੋਂ ਡੈਮ ਦੇ ਹਸਪਤਾਲ, 66 ਕੇ.ਵੀ ਸਬ ਸਟੇਸਨ ਅਤੇ ਸਕੂਲਾਂ ਨੂੰ ਦੂਸਰੇ ਵਿਭਾਗਾਂ ਨੂੰ ਸੌਂਪਣ ਦੀ ਤਜਵੀਜ ਬਣਾਈ ਜਾ ਰਹੀ ਹੈ। ਉਨਾਂ ਮੰਤਰੀ ਸਾਹਿਬ ਨੂੰ ਇਹ ਵੀ ਦੱਸਿਆ ਕਿ ਚਾਰ ਦਹਾਕੇ ਪਹਿਲਾਂ ਰਣਜੀਤ ਸਾਗਰ ਡੈਮ ਦੇ ਨਿਰਮਾਣ ਲਈ ਮੁਲਾਜਮਾਂ ਅਤੇ ਇੰਜੀਨੀਅਰਾਂ ਦੀ ਰਿਹਾਇਸ ਵਾਸਤੇ ਚੰਡੀਗੜ੍ਹ ਦੇ ਨਕਸੇ ਵਾਂਗ ਸਹੂਲਤਾਂ ਸਹਿਤ ਹਜਾਰਾਂ ਕੁਆਟਰ ਅਤੇ ਕੋਠੀਆਂ ਦੀ ਵਾਲੀਆਂ ਦੋ ਕਲੋਨੀਆਂ ਉਸਾਰੀਆਂ ਗਈਆਂ ਸਨ। ਡੈਮ ਦੇ ਨਿਰਮਾਣ ਉਪਰੰਤ ਬਹੁਤ ਸਾਰੇ ਮੁਲਾਜਮ ਬਾਹਰਲੇ ਵਿਭਾਗਾਂ ਵਿਚ ਬਦਲੀ ਕੀਤੇ ਜਾ ਚੁੱਕੇ ਹਨ ਤੇ ਬਹੁਤ ਸਾਰੇ ਸੇਵਾ-ਮੁਕਤ ਹੋ ਚੁੱਕੇ ਹਨ। ਮੌਜੂਦਾ ਕਰੀਬ 2400 ਮੁਲਾਜਮ ਰਹਿ ਗਏ ਹਨ। ਜਿਸ ਕਰਕੇ ਹਜਾਰਾਂ ਖਾਲੀ ਕੁਆਟਰ ਖੰਡਰ ਬਣਦੇ ਜਾ ਰਹੇ ਹਨ ਤੇ ਬਹੁਤੇ ਖੰਡਰ ਬਣ ਚੁੱਕੇ ਹਨ। ਸਰਕਾਰ ਪਹਿਲਾਂ ਹੀ ਮੁਲਾਜਮਾਂ ਨੂੰ ਸਰਕਾਰੀ ਮਕਾਨ ਦੇਣ ਦੇ ਚੰਡੀਗੜ੍ਹ ਫੈਸਲਾ ਕਰ ਚੁੱਕੀ ਹੈ। ਡੈਮ ਦੀ ਕਲੋਨੀ ਇਕ ਸਮਾਰਟ ਸਿਟੀ ਵਾਂਗ ਬਣੀ ਹੈ। ਜਿਸ ਨੂੰ ਮਿੰਨੀ ਚੰਡੀਗੜ੍ਹ ਵੀ ਕਿਹਾ ਜਾਂਦਾ ਹੈ। ਇਸ ਨੂੰ ਉਜੜਣ ਤੋਂ ਬਚਾਉਣ ਲਈ ਕਲੋਨੀ ਦੇ ਹਜਾਰਾਂ ਖਾਲੀ ਪਏ ਕੁਆਰਟਰ ਮੌਜੂਦਾ ਅਤੇ ਸੇਵਾ-ਮੁਕਤ ਡੈਮ ਦੇ ਮੁਲਾਜਮਾਂ, ਇੰਜਨੀਅਰਾਂ ਨੂੰ ਪਾਲਿਸੀ ਬਣਾ ਕੇ ਲੀਜ 'ਤੇ ਦਿੱਤੇ ਜਾਣ। ਇਸ ਤਰ੍ਹਾਂ ਕਰਨ ਨਾਲ ਜਿੱਥੇ ਮੁਲਾਜਮਾਂ ਨੂੰ ਵੱਡੀ ਰਾਹਤ ਮਿਲੇਗੀ ਉੱਥੇ ਪੰਜਾਬ ਸਰਕਾਰ ਦੇ ਖਜਾਨੇ ਵਿੱਚ ਕਰੋੜਾਂ ਰੁਪਏ ਦਾ ਮਾਲੀਆ ਇਕੱਤਰ ਹੋਏਗਾ। ਦੂਸਰਾ, ਸੁੰਦਰ ਬਣੀਆਂ ਮਾਰਕੀਟਾਂ ਦੇ ਦੁਕਾਨਦਾਰਾਂ, ਰੇਹੜੀਆਂ ਫੜ੍ਹੀਆਂ ਵਾਲੇ, ਲੋਧੀ, ਧੋਬੀ ਤੇ ਘਰਾਂ ਵਿੱਚ ਕੰਮ ਕਰਨ ਵਾਲੇ ਸਾਰੇ ਬੇਰੁਜਗਾਰਾਂ ਦਾ ਰੁਜਗਾਰ ਬਚਿਆ ਰਹੇਗਾ। ਵਫਦ ਨੂੰ ਮੰਤਰੀ ਸਾਹਿਬ ਨੇ ਕਿਹਾ ਕਿ ਤੁਹਾਡੀਆਂ ਸਾਰੀਆਂ ਮੰਗਾਂ ਜਾਇਜ ਹਨ। ਸੰਬੰਧਿਤ ਵਿਭਾਗ ਦੇ ਮੰਤਰੀ ਸਾਹਿਬ ਦੇ ਨਾਲ 15 ਦਿਨਾ ਦੇ ਅੰਦਰ- ਅੰਦਰ ਮੀਟਿੰਗ ਕਰਕੇ ਹੋਰ ਮੰਗਾਂ ਦੇ ਨਾਲ-ਨਾਲ ਕੁਆਰਟਰ ਲੀਜ 'ਤੇ ਦੇਣ ਲਈ ਪਾਲਿਸੀ ਨੂੰ ਤਿਆਰ ਕਰਵਾ ਕੇ ਇਸ ਮਸਲੇ ਦਾ ਪੱਕਾ ਹੱਲ ਕਰ ਦਿੱਤਾ ਜਾਵੇਗਾ। ਉਨ੍ਹਾਂ ਮੌਕੇ 'ਤੇ ਹੀ ਡੈਮ ਦੇ ਮੁੱਖ ਇੰਜੀਨੀਅਰ ਨੂੰ ਫੋਨ 'ਤੇ ਕਿਹਾ ਕਿ ਕੁਆਰਟਰਾਂ ਦੀ ਪਾਲਿਸੀ ਤਿਆਰ ਹੋਣ ਤੱਕ ਕੁਆਰਟਰਾਂ ਖਾਲੀ ਕਰਵਾਉਣ ਸੰਬੰਧੀ ਕੋਈ ਵੀ ਕਾਰਵਾਈ ਨਾ ਕੀਤੀ।ਇਸ ਵਫਦ ਵਿੱਚ ਰੋਸਨ ਭਗਤ, ਸੋਹਣ ਲਾਲ ਜਿ?ਲ੍ਹਾ ਪ੍ਰਧਾਨ, ਲਖਵਿੰਦਰ ਸਿੰਘ ਸਕੱਤਰ ਜਨਰਲ ਪੰਜਾਬ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ ਕਰਮਚਾਰੀ ਫੈਡਰੇਸਨ, ਰਵਿੰਦਰ ਸਿੰਘ ਜੱਗਾ ਪ੍ਰਧਾਨ, ਪੰਜਾਬ ਰਾਜ ਮੁਲਾਜਮ ਦੱਲ, ਰਵੀ ਕੁਮਾਰ, ਸੁਰਿੰਦਰ ਕਟੋਚ ਹਾਜਰ ਸਨ।

## ਪੰਜਾਬ ਦੇਸ ਦਾ ਪਹਿਲਾ ਸੂਬਾ ਹੋਵੇਗਾ ਜਿਥੋਂ ਦੀਆਂ ਜੇਲ੍ਹਾਂ 'ਮੋਬਾਈਲ ਫਰੀ' ਹੋਣਗੀਆਂ - ਜੇਲ੍ਹ ਮੰਤਰੀ

**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ**

ਪੰਜਾਬ ਦੇ ਜੇਲ੍ਹਾਂ ਅਤੇ ਮਾਈਨਿੰਗ ਵਿਭਾਗ ਦੇ ਕੈਬਨਿਟ ਮੰਤਰੀ ਸ੍ਰ ਹਰਜੋਤ ਸਿੰਘ ਬੈਂਸ ਨੇ ਦਾਅਵੇ ਨਾਲ ਕਿਹਾ ਹੈ ਕਿ ਅਗਲੇ 6-8 ਮਹੀਨੇ ਦੌਰਾਨ ਪੰਜਾਬ ਦੀ ਹਰੇਕ ਜੇਲ੍ਹ ਨੂੰ 'ਮੋਬਾਈਲ ਫਰੀ' ਕਰ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਪੰਜਾਬ ਦੇਸ ਦਾ ਪਹਿਲਾ ਸੂਬਾ ਹੋਵੇਗਾ ਜਿਥੋਂ ਦੀਆਂ ਜੇਲ੍ਹਾਂ 'ਮੋਬਾਈਲ ਫਰੀ' ਹੋਣਗੀਆਂ। ਉਹ ਅੱਜ ਸਥਾਨਕ ਕੇਂਦਰੀ ਜੇਲ੍ਹ ਦਾ ਅਚਨਚੇਤ ਨਿਰੀਖਣ ਕਰਨ ਲਈ ਪਹੁੰਚੇ ਹੋਏ ਸਨ। ਨਿਰੀਖਣ ਤੋਂ ਬਾਅਦ ਪੱਤਰਕਾਰਾਂ ਨਾਲ ਗੈਰ ਰਸਮੀ ਗੱਲਬਾਤ ਕਰਦਿਆਂ ਸ੍ਰ ਬੈਂਸ ਨੇ ਕਿਹਾ ਕਿ ਪਿਛਲੀਆਂ ਸੂਬਾ ਸਰਕਾਰਾਂ ਨੇ ਜੇਲ੍ਹਾਂ ਨੂੰ ਸੁਧਾਰ ਘਰ ਬਣਾਉਣ ਵਿੱਚ ਕੋਈ ਵੀ ਕਦਮ ਨਹੀਂ ਉਠਾਇਆ। ਇੱਥੇ ਗੈਂਗਸਟਰਾਂ ਦਾ ਬੋਲਬਾਲਾ ਸੀ ਪਰ ਹੁਣ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਜੇਲ੍ਹਾਂ ਨੂੰ ਗੈਂਗਸਟਰਾਂ ਦਾ 'ਸੇਫ ਹਾਊਸ' ਹਰਗਿਜ ਨਹੀਂ ਬਣਨ ਦਿੱਤਾ ਜਾਵੇਗਾ। ਜੇਲ੍ਹਾਂ ਨੂੰ ਸਹੀ ਅਰਥਾਂ ਵਿੱਚ ਸੁਧਾਰ ਘਰ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਜੇਲ੍ਹਾਂ ਵਿੱਚੋਂ ਮੋਬਾਈਲ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਗਤੀਵਿਧੀਆਂ ਨੂੰ ਨਕੇਲ ਪਾਉਣ ਲਈ ਹਰੇਕ ਜੇਲ੍ਹ ਵਿੱਚ ਜੈਮਰ ਲਗਾਏ ਜਾ ਰਹੇ ਹਨ। ਇਸ ਤੋਂ ਇਲਾਵਾ ਐਡਵਾਂਸਡ ਤਕਨੀਕ ਵਾਲੇ ਸੀ ਸੀ ਟੀ ਵੀ ਕੈਮਰੇ ਸਥਾਪਤ ਕੀਤੇ ਜਾ ਰਹੇ ਹਨ। ਜੇਲ੍ਹਾਂ ਵਿੱਚ ਮੋਬਾਈਲ ਆਉਂਦੇ ਕਿਵੇਂ ਹਨ ?, ਬਾਰੇ ਜਵਾਬ ਦਿੰਦਿਆਂ ਉਹਨਾਂ ਕਿਹਾ ਕਿ ਇਹ ਬਾਹਰੋਂ ਸੁੱਟੇ ਜਾਂਦੇ ਹਨ ਪਰ ਇਹ ਕੰਮ ਬੰਦ ਕਰਨ ਲਈ ਜਿੱਥੇ ਜੇਲ੍ਹ ਵਿੱਚ ਮੋਬਾਈਲ ਫੋਨ ਵਰਤਣ ਵਾਲੇ ਉੱਤੇ ਸਖਤੀ ਕੀਤੀ ਜਾ ਰਹੀ ਹੈ ਉਥੇ ਹੀ ਜਿਸ ਦੇ ਨਾਮ ਉੱਤੇ ਸਿੰਮ ਚਲਦਾ ਹੋਵੇਗਾ ਇਸ ਖਿਲਾਫ ਵੀ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਆਪ ਪਾਰਟੀ ਦੇ ਹੱਥੋਂ ਨਿੱਕਲ ਚੁੱਕੇ ਪੰਜਾਬ ਦੇ ਹਾਲਾਤ ਨੂੰ ਭਾਜਪਾ ਹੀ ਠੱਲ ਪਾ ਸਕਦੀ ਹੈ : ਕੇਵਲ ਸਿੰਘ ਢਿੱਲੋਂ

## ਸੰਗਰੂਰ ਜਿਮਨੀ ਚੋਣ ਲਈ ਕੇਵਲ ਢਿੱਲੋਂ ਕੱਲ ਭਰਨਗੇ ਨਾਮਜਦਗੀ ਪੱਤਰ



**ਬਰਨਾਲਾ/ਕਰਨਪ੍ਰੀਤ ਧੰਦਰਾਲ**

ਆਪ ਪਾਰਟੀ ਦੇ ਹੱਥੋਂ ਨਿੱਕਲ ਚੁੱਕੇ ਪੰਜਾਬ ਦੇ ਹਾਲਾਤ ਨੂੰ ਭਾਜਪਾ ਹੀ ਠੱਲ ਪਾ ਸਕਦੀ ਹੈ ਕਿਓਂ ਕਿ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਦਿਨੋ-ਦਿਨ ਲਗਾਤਾਰ ਬਿਗੜ ਰਹੀ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਲਈ ਪੰਜਾਬ ਖਾਸ ਕਰਕੇ ਲੋਕ ਸਭਾ ਹਲਕਾ ਸੰਗਰੂਰ ਦੇ ਲੋਕ ਭਾਰਤੀ ਜਨਤਾ ਪਾਰਟੀ ਦਾ ਸਾਥ ਦੇਣ।ਇਹ ਪ੍ਰਗਟਾਵਾ ਸੰਗਰੂਰ ਲੋਕ ਸਭਾ ਜਿ?ਮਨੀ ਚੋਣ ਲਈ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਕੇਵਲ ਸਿੰਘ ਢਿੱਲੋਂ ਨੇ ਫੋਨ ਤੇ ਗੱਲਬਾਤ ਦੌਰਾਨ ਕੀਤਾ।ਉਹਨਾ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਅੰਦਰ ਲਾ-ਐਂਡ-ਆਰਡਰ ਦੀ ਸਥਿਤੀ ਨੂੰ ਮੈਨਟੇਨ ਰੱਖਣ ਚ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ। ਉਹਨਾ ਕਿਹਾ ਕਿ ਆਮ ਆਦਮੀ ਪਾਰਟੀ ਦੇ ਹੱਥ ਪੰਜਾਬ ਦੀ ਸਤਾ ਆਉਣ ਤੋਂ ਬਾਅਦ ਪੰਜਾਬ ਦੇ ਹਾਲਾਤ ਬੇਹੱਦ ਖਰਾਬ ਹੋ ਚੁੱਕੇ ਹਨ।ਬੀਤੇ ਦੋ ਮਹੀਨਿਆਂ ਦੌਰਾਨ ਜਿੱਥੇ ਦਰਜਨ ਦੇ ਕਰੀਬ ਕਿਸਾਨ ਖੁਦਕੁਸੀਆਂ ਕਰ ਚੁੱਕੇ ਹਨ, ਨਸੇ ਦੀ ਓਵਰਡੋਜ ਕਾਰਨ ਦੋ ਦਰਜਨ ਦੇ ਕਰੀਬ ਨੌਜਵਾਨ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ,ਉੱਥੇ ਹੀ ਆਮ ਆਦਮੀ ਪਾਰਟੀ ਦੀ ਸਰਕਾਰ ਚ ਕਬੱਡੀ ਦੇ ਅੰਦਰ ਰਾਸਟਰੀ ਖਿਡਾਰੀ ਸੰਦੀਪ ਸਿੰਘ ਨੰਗਲ ਅੰਬੀਆਂ , ਸੰਗੀਤ ਦੀ ਦੁਨੀਆਂ ਦੇ ਸੁਪਰਸਟਾਰ ਸਾਡੇ ਪੁੱਤ ਸੁਭਦੀਪ ਸਿੰਘ ਸਿੱਧੂ ਮੂਸੇਵਾਲਾ ਸਮੇਤ ਅਨੇਕਾਂ ਨੌਜਵਾਨਾਂ ਨੂੰ ਸਰੇਆਮ ਗੋਲੀਆਂ ਆਦਿ ਮਾਰ ਮਾਰ ਦਿੱਤਾ ਹੈ।ਉਹਨਾ ਕਿਹਾ ਕਿ ਪੰਜਾਬ ਅੰਦਰ ਅੱਜ ਹਰ ਕੋਈ ਆਪਣੇ ਆਪ ਨੂੰ ਅਣ-ਸੁਰੱਖਿਅਤ ਮਹਿਸੂਸ ਕਰ ਰਿਹਾ ਹੈ।ਉਹਨਾ ਕਿਹਾ ਕਿ ਗੈਂਗਸਟਰਾਂ ਦੀ ਕਥਿਤ ਪੁਨਾਹਗਾਰ ਬਣ ਕੇ ਚੱਲ ਰਹੀ ਆਮ ਆਦਮੀ ਪਾਰਟੀ ਨੂੰ ਸਬਕ ਸਿਖਾਉਣ ਅਤੇ ਪੰਜਾਬ ਅੰਦਰ ਅਮਨ ਕਾਨੂੰਨ ਦੀ ਸਥਿਤੀ ਨੂੰ ਬਹਾਲ ਕਰਨ ਲਈ ਪੰਜਾਬ ਦੇ ਲੋਕ ਭਾਰਤੀ ਜਨਤਾ ਪਾਰਟੀ ਦਾ ਸਾਥ ਦੇਣ।ਉਹਨਾ ਕਿਹਾ ਕਿ 23 ਜੂਨ ਨੂੰ ਹੋਣ ਜਾ ਰਹੀ ਸੰਗਰੂਰ ਉਹਨਾ ਦੱਸਿਆ ਕਿ ਅੱਜ ਦੇਰ ਰਾਤ ਉਹ ਆਪਣੀ ਬਰਨਾਲਾ ਰਿਹਾਇਸ ਤੇ ਪਹੁੰਚ ਰਹੇ ਹਨ ਅਤੇ 6 ਜੂਨ ਸਵੇਰੇ ਕਰੀਬ 10 ਵਜੇ ਉਹ ਆਪਣੇ ਸਮਰਥਕਾਂ ਅਤੇ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਸਮੇਤ ਆਪਣੇ ਨਾਮਜਦਗੀ ਪੱਤਰ ਦਾਖਲ ਕਰਨ ਲਈ ਰਵਾਨਾ ਹੋਣਗੇ।ਉਹਨਾ ਅਪੀਲ ਕੀਤੀ ਕਿ ਲੋਕ ਸਭਾ ਦੀ ਜਿ?ਮਨੀ ਚੋਣ ਚ ਸੰਗਰੂਰ ਦੇ ਲੋਕ ਉਹਨਾ ਦਾ ਵੱਧ ਚੜ੍ਹ ਕੇ ਸਾਥ ਦੇਣ ਤਾਂ ਜੋ ਪੰਜਾਬ ਅੰਦਰ ਅਮਨ ਕਾਨੂੰਨ ਦੀ ਸਥਿਤੀ ਬਹਾਲ ਕੀਤੀ ਜਾ ਸਕੇ।

# ਜੌਹਲਾਂ ਪਿੰਡ 'ਚ ਲਗਾਈ ਠੰਢੇ ਮਿੱਠੇ ਜਲ ਦੀ ਛਬੀਲ



**ਰਾਏਕੋਟ/ਗੁਰਭਿੰਦਰ ਗੁਰੀ**

ਸ਼ਹੀਦਾਂ ਦੇ ਸਰਤਾਜ ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਅੱਜ ਉਨਾਂ ਦਾ ਸ਼ਹੀਦੀ ਪੁਰਬ ਪਿੰਡ ਜੌਹਲਾਂ ਦੇ ਬਾਬਾ ਜੀਵਨ ਸਿੰਘ ਜੀ ਗੁਰਦੁਆਰਾ ਸਾਹਿਬ ਵਿਖੇ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ,ਜਿਸਦੇ ਚੱਲਦਿਆਂ ਪਿੰਡ ਜੌਹਲਾਂ ਦੇ ਬਾਬਾ ਜੀਵਨ ਸਿੰਘ ਜੀ ਗੁਰਦੁਆਰਾ ਵੱਲੋਂ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਗੱਲਬਾਤ ਕਰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਨੇ ਕਿਹਾ ਕਿ ਗੁਰੂ ਸਾਹਿਬ ਨੇ ਮੁਗਲਾਂ ਦੇ ਜ਼ੁਲਮ ਦਾ ਸਾਹਮਣਾ ਕਰਦਿਆਂ ਆਪਣਾ ਆਪ ਬਲੀਦਾਨ ਕਰ ਦਿੱਤਾ ਪ੍ਰੰਤੂ ਕਿਸੇ ਦੀ ਈਨ ਨਹੀਂ ਮੰਨੀ ਅੱਜ ਸਾਡੇ ਸਮਾਜ ਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੇ ਚੱਲਣ ਦੀ ਬਹੁਤ ਲੋੜ ਹੈ,ਜ਼ਿਕਰਯੋਗ ਹੈ ਕਿ ਇਨਾਂ ਸੇਵਾਦਾਰਾਂ ਵੱਲੋਂ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਅੱਜ ਪਾਣੀ ਛਬੀਲ ਲਾ ਕੇ ਸੇਵਾ ਕੀਤੀ ਗਈ ਹੈ। ਇਸ ਮੌਕੇ ਪ੍ਰਿਤਪਾਲ ਸਿੰਘ ਮੀਤ ਪ੍ਰਧਾਨ, ਗਿਆਨੀ ਸਿੰਘ ਖਜਾਨਚੀ, ਗੰਥ੍ਰੀ ਸੁਰਜੀਤ ਸਿੰਘ, ਪ੍ਰਧਾਨ ਕੁਲਦੀਪ ਸਿੰਘ, ਮਨਪ੍ਰੀਤ ਸਿੰਘ ਮੰਨਾ, ਜੁਗਰਾਜ ਸਿੰਘ ਰਾਜੂ, ਪ੍ਰਦੀਪ ਸਿੰਘ, ਸੋਨੀ ਸਿੰਘ, ਬਲਦੇਵ ਸਿੰਘ ਟੀਟੂ, ਮਨਪ੍ਰੀਤ ਸਿੰਘ ਨਿਕੜੀ, ਗਿਆਨੀ ਬੂਟਾ ਸਿੰਘ, ਰਾਜੂ ਸਿੰਘ ਖਾਲਸਾ,ਸੁਖਪਾਲ ਸਿੰਘ ਲਾਡੀ, ਰਾਜਦੀਪ ਸਿੰਘ, ਸੁਖਵਿੰਦਰ ਸਿੰਘ ਸੁੱਖੀ, ਗੁਰਪ੍ਰੀਤ ਸਿੰਘ, ਜੀਵਨ ਸਿੰਘ ਆਦਿ ਹਾਜ਼ਰ ਸਨ।

# ਡਾ. ਅਮਨਦੀਪ ਕੋਰ, ਵਧੀਕ ਡਿਪਟੀ ਕਮਿਸ਼ਨਰ ਵਲੋਂ ਨਗਰ ਕੌਂਸਲ ਅਧਿਕਾਰੀਆਂ ਨਾਲ ਮੀਟਿੰਗ

## ਅਣਅਧਿਕਾਰਤ ਕਾਲੋਨੀਆਂ ਵਿਰੁੱਧ ਸਖ਼ਤੀ ਰੁਖ਼ ਆਪਣਾਉਣ ਦੀ ਕੀਤੀ ਹਦਾਇਤ



**ਗੁਰਦਾਸਪੁਰ-ਨਵਨੀਤ ਕੁਮਾਰ**

ਡਾ. ਅਮਨਦੀਪ ਕੋਰ, ਵਧੀਕ ਡਿਪਟੀ ਕਮਿਸ਼ਨਰ (ਜ/ ਸ਼ਹਿਰੀ ਵਿਕਾਸ) ਦੀ ਪ੍ਰਧਾਨਗੀ ਹੇਠ ਨਗਰ ਕੌਂਸਲਾਂ ਦੇ ਕਾਰਜਸਾਧਕ ਅਫਸਰਾਂ ਨਾਲ ਮੀਟਿੰਗ ਕੀਤੀ ਗਈ ਤੇ ਜ਼ਿਲੇ ਅੰਦਰ ਅਣ ਅਧਿਕਾਰਤ ਕਾਲੋਨੀਆਂ ਵਿਰੁੱਧ ਸਖ਼ਤੀ ਨਾਲ ਕਾਰਵਾਈ ਕਰਨ ਦੀ ਹਦਾਇਤ ਕੀਤੀ।

ਆਪਣੇ ਦਫਤਰ ਵਿਖੇ ਮੀਟਿੰਗ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ, ਡਾ. ਅਮਨਦੀਪ ਕੋਰ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਅਣਅਧਿਕਾਰਤ ਕਾਲੋਨੀਆਂ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਇਸੇ ਸਬੰਧ ਵਿਚ ਅੱਜ ਕਾਰਜਸਾਧਕ ਅਫਸਰਾਂ ਨਾਲ ਮੀਟਿੰਗ ਕੀਤੀ ਗਈ ਹੈ।

ਉਨਾਂ ਅੱਗੇ ਦੱਸਿਆ ਕਿ ਨਗਰ ਕੌਂਸਲ ਦੀ ਹਦੂਦ ਦੇ ਅੰਦਰ ਕਾਰਜਸਾਧਕ ਅਫਸਰ ਤੇ ਨਗਰ ਕੌਂਸਲ ਦੀ ਹਦੂਦ ਦੇ ਬਾਹਰ ਰੈਗੂਲੇਟਰੀ ਵਿੰਗ ਵਲੋਂ ਅਣ ਅਧਿਕਾਰਤ ਕਾਲੋਨੀਆਂ ਵਿਰੁੱਧ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ। ਉਨਾਂ ਕਲੋਨਾਈਜ਼ਰਾਂ ਨੂੰ ਸਖਤ ਸਬਦਾਂ ਵਿਚ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਬਿਨਾਂ ਪਰਮਿਸ਼ਨ/ਲਾਇਸੰਸ ਦੇ ਕਾਲੋਨੀ ਡਿਵਲਪ ਨਾ ਕੀਤੀ ਜਾਵੇ ਅਤੇ ਜਿੰਨਾਂ ਕਾਲੋਨਾਈਜ਼ਰਾਂ ਦੀ ਫੀਸ ਜਮ੍ਹਾ ਕਰਵਾਉਣ ਵਾਲੀ ਹੈ, ਉਹ ਤੁਰੰਤ ਫੀਸ ਜਮ੍ਹਾ ਕਰਵਾਉਣ।

ਉਨਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਕੇਵਲ ਰੈਗੂਲਰ ਕਾਲੋਨੀਆਂ ਵਿਚ ਹੀ ਪਲਾਟ ਖਰੀਦਣ ਅਤੇ ਪਲਾਟ ਖਰੀਦਣ ਤੋਂ ਪਹਿਲਾਂ ਕਾਲੋਨਾਈਜ਼ਰਾਂ ਕੋਲੋਂ ਕਾਲੋਨੀ ਰੈਗੂਲਰ ਹੋਈ ਦਾ ਲਾਇਸੰਸ ਜਰੂਰ ਚੈੱਕ ਕਰਨ। ਉਨਾਂ ਕਿਹਾ ਕਿਹਾ ਕਿ ਅਣਅਧਿਕਾਰਤ ਕਾਲੋਨੀਆਂ ਵਿਖੇ ਪਲਾਟ ਖਰੀਦਣ ਨਾਲ ਉਨਾਂ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਵੇ ਬਿਜਲੀ, ਰੋਡ ਤੇ ਐਸ.ਟੀ.ਪੀ ਆਦਿ ਵਰਗੀਆਂ ਮੁੱਢਲੀਆਂ ਲੋੜਾਂ ਤੋਂ ਵਾਂਝੇ ਰਹਿੰਦੇ ਹਨ। ਉਨਾਂ ਦੱਸਿਆ ਕਿ ਲੋਕਾਂ ਦੀ ਸਹੂਲਤ ਲਈ ਅਣ ਅਧਿਕਾਰਤ ਕਾਲੋਨੀਆਂ ਦੇ ਬਾਹਰਵਾਰ ਚਿਤਾਵਨੀ ਬੋਰਡ ਲਗਾਏ ਜਾ ਰਹੇ ਹਨ, ਤਾਂ ਜੋ ਲੋਕ ਅਣਅਧਿਕਾਰਤ ਕਾਲੋਨੀ ਵਿਚ ਪਲਾਟ ਨਾ ਖਰੀਦਣ।

ਵਧੀਕ ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਕਾਮਰੀਸ਼ੀਅਲ ਬਿਲਡਿੰਗ ਦੀ ਉਸਾਰੀ ਕਰਨ ਤੋਂ ਪਹਿਲਾਂ ਸੀ.ਐਲ.ਯੂ ਤੇ ਨਕਸ਼ਾ ਪਾਸ ਕਰਵਾਇਆ ਜਾਵੇ। ਉਨਾਂ ਕਿਹਾ ਕਿ ਜੇਕਰ ਉਸਾਰੀ ਕੀਤੀ ਜਾਂਦੀ ਹੈ ਤਾਂ ਉਸ ਵਿਰੁੱਧ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਉਨਾਂ ਕਾਰਜਸਾਧਕ ਅਫਸਰਾਂ ਨੂੰ ਹਦਾਇਤ ਕੀਤੀ ਕਿ ਜਿਨਾਂ ਕਾਲੋਨਾਈਜ਼ਰਾਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ , ਉਨਾਂ ਵਿਰੁੱਧ ਅਗਲੇਰੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ। ਦੱਸਣਯੋਗ ਹੈ ਕਿ ਰਾਜ ਸਰਕਾਰ ਵਲੋ 18 ਅਕਤੂਬਰ 2018 ਨੂੰ ਕਾਲੋਨੀ ਰੈਗੂਲਰ ਕਰਵਾਉਣ ਦੀ ਪਾਲਿਸੀ ਲਾਗੂ ਕੀਤੀ ਗਈ ਸੀ ਅਤੇ ਜਨਵਰੀ 2020 ਤਕ ਕਾਲੋਨੀ ਰੈਗੂਲਰ ਕਰਨ ਲਈ ਅਪਲਾਈ ਕੀਤਾ ਜਾ ਸਕਦਾ ਸੀ।

# ਵਾਤਾਵਰਨ ਦਿਵਸ ਤੇ ਓਲੇ ਵੇਰਾ ਦੇ ਫਾਇਦਿਆਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਸਾਈਕਲ ਰੈਲੀ ਦਾ ਆਯੋਜਨ



**ਚੰਡੀਗੜ੍ਹ/ਲੋਕ ਬਾਣੀ**

ਵਿਸਵ ਵਾਤਾਵਰਨ ਦਿਵਸ ਦੇ ਮੌਕੇ ਤੇ ਫੋਰਏਵਰ ਲਿਵਿੰਗ ਨੇ ਦਿਲ ਸੇ ਸਾਈਕਲਿੰਗ ਕਲੱਬ ਦੇ ਸਹਿਯੋਗ ਨਾਲ ਫੈਮਿਲੀ ਸਾਈਕਲ ਰਾਈਡ ਦਾ ਆਯੋਜਨ ਕੀਤਾ। ਇਸ ਸਮਾਗਮ ਦਾ ਉਦੇਸ ਲੋਕਾਂ ਵਿੱਚ ਸਿਹਤਮੰਦ ਜੀਵਨ ਸੈਲੀ ਅਤੇ ਅਧਿਆਤਮਿਕ ਤੰਦਰੁਸਤੀ ਨੂੰ ਉਤਸਾਹਿਤ ਕਰਨਾ ਸੀ ਜਿਸ ਵਿੱਚ ਸਥਾਨਕ ਸਾਈਕਲ ਸਵਾਰਾਂ ਨੇ ਉਤਸਾਹ ਨਾਲ ਭਾਗ ਲਿਆ। ਆਯੋਜਕ ਦੀ ਕੋਸ?ਿਸ ਸੀ ਕਿ ਪਰਿਵਾਰ ਦੇ ਮੈਂਬਰਾਂ ਨੂੰ ਕੁਦਰਤੀ ਸਰੋਤ ਓਲੇ ਵੇਰਾ ਦੇ ਲਾਭਾਂ ਤੋਂ ਜਾਣੂ ਕਰਵਾਇਆ ਜਾਵੇ। ਇਹ ਰਾਈਡ ਸਵੇਰੇ ਰੌਕ ਗਾਰਡਨ ਤੋਂ ਸੁਰੂ ਹੋ ਕੇ ਫਰਨੀਚਰ ਚੌਕ ਗਊਸਾਲਾ ਚੌਕ ਤੋਂ ਹੁੰਦੀ ਹੋਈ ਕਰੀਬ 25 ਕਿਲੋਮੀਟਰ ਦਾ ਸਫਰ ਤੈਅ ਕਰਦੀ ਹੋਈ ਰਾਕ ਗਾਰਡਨ ਵਿਖੇ ਸਮਾਪਤ ਹੋਈ।

ਆਯੋਜਕ ਹਰੀਸ ਸਿੰਗਲਾ ਨੇ ਕਿਹਾ ਕਿ ਸਾਈਕਲਿਸਟ ਆਧੁਨਿਕ ਯੁੱਗ ਵਿੱਚ ਤਬਦੀਲੀ ਦਾ ਤੂਫਾਨ ਹੈ ਅਤੇ ਵਿਸਵ ਵਾਤਾਵਰਨ ਦਿਵਸ ਮੌਕੇ ਲੋਕਾਂ ਵਿੱਚ ਕੁਦਰਤੀ ਸਰੋਤ ਐਲੋਵੇਰਾ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਸਾਈਕਲ ਰੈਲੀ ਇੱਕ ਢੁੱਕਵਾਂ ਮਾਧਿਅਮ ਹੈ। ਉਨ੍ਹਾਂ ਦੱਸਿਆ ਕਿ ਰਸਾਇਣਕ ਵਰਤੋਂ ਦੀ ਦੌੜ ਵਿੱਚ ਓਲੇ ਵੇਰਾ ਵਰਗੇ ਕੁਦਰਤੀ ਉਤਪਾਦਾਂ ਦੀ ਵਰਤੋਂ ਬਹੁਤ ਜਰੂਰੀ ਹੈ। ਉਨ੍ਹਾਂ ਦੱਸਿਆ ਕਿ ਓਲੇ ਵੇਰਾ ਨੂੰ ਕੂਲਿੰਗ ਐਲੀਮੈਂਟ ਵਜੋਂ ਵਰਤਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਇਹ ਪਾਚਨ ਕਿਰਿਆ ਦੇ ਨਾਲ-ਨਾਲ ਚਮੜੀ ਦੇ ਮੁਹਾਸੇ ਅਤੇ ਮੁਹਾਸੇ ਤੋਂ ਵੀ ਰਾਹਤ ਦਿਵਾਉਂਦਾ ਹੈ।

# ਸਿਹਤ ਵਿਭਾਗ ਨੇ ਵੱਖ ਵੱਖ ਥਾਵਾਂ ਤੇ ਕੈਂਪ ਲਗਾ ਕੇ ਡੇਂਗੂ ਬੁਖਾਰ ਤੋਂ ਕੀਤਾ ਜਾਗਰੂਕ



**ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਡਾ ਹਿਤੇਂਦਰ ਕੌਰ ਕਲੇਰ ਸਿਵਲ ਸਰਜਨ ਮੋਗਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਡਾ ਮਨਿੰਦਰ ਬਾਵਾ ਸੀਨੀਅਰ ਮੈਡੀਕਲ ਅਫ਼ਸਰ ਕੋਟ ਈਸੇ ਖਾਂ ਦੀ ਯੋਗ ਅਗਵਾਈ ਵਿਚ ਸਿਹਤ ਵਿਭਾਗ ਵੱਲੋਂ ਵੱਖ ਵੱਖ ਥਾਵਾਂ ਤੇ ਕੈਂਪ ਲਗਾ ਕੇ ਲੋਕਾਂ ਨੂੰ ਡੇਂਗੂ ਮਲੇਰੀਆ ਅਤੇ ਚਿਕਨਗੁਨੀਆ ਬੁਖਾਰ ਤੋਂ ਬਚਾਅ ਅਤੇ ਇਲਾਜ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ ਜਿਸ ਦੇ ਤਹਿਤ ਅੱਜ ਸਿਹਤ ਵਿਭਾਗ ਦੀ ਟੀਮ ਜਤਿੰਦਰ ਸੂਦ ਹੈਲਥ ਸੁਪਰਵਾਈਜ਼ਰ ਪਰਮਿੰਦਰ ਕੁਮਾਰ ਅਤੇ ਬਲਰਾਜ ਸਿੰਘ ਵੱਲੋਂ ਧਰਮਕੋਟ ਸ਼ਹਿਰ ਵਿੱਚ ਟੈਕਸੀ ਸਟੈਂਡ, ਸਿਵਲ ਹਸਪਤਾਲ ਮੇਨ ਬਾਜ਼ਾਰ ਮਾਰਕੀਟ ਅਤੇ ਹੋਰ ਵੱਖ ਵੱਖ ਥਾਵਾਂ ਤੇ ਗਰੁੱਪਾਂ ਵਿਚ ਲੋਕਾਂ ਨੂੰ ਡੇਂਗੂ ਮਲੇਰੀਆ ਅਤੇ ਚਿਕਨਗੁਨੀਆ ਬੁਖਾਰ ਤੋਂ ਬਚਾਅ ਅਤੇ ਇਲਾਜ ਬਾਰੇ ਜਾਣਕਾਰੀ ਦਿੱਤੀ ਗਈ ਇਸ ਸਮੇਂ ਸਿਹਤ ਵਿਭਾਗ ਦੀ ਟੀਮ ਨੇ ਦੱਸਿਆ ਕਿ ਘਰਾਂ ਵਿੱਚ ਜਾਂ ਬਾਹਰ ਕਿਤੇ ਵੀ ਪਾਣੀ ਨਾ ਖੜ੍ਹਨ ਦਿੱਤਾ ਜਾਵੇ ਤਾਂ ਜੋ ਮੱਛਰ ਦੀ ਪੈਦਾਇਸ਼ ਨੂੰ ਰੋਕਿਆ ਜਾ ਸਕੇ ਇਸ ਸਮੇਂ ਸਿਹਤ ਵਿਭਾਗ ਦੀ ਟੀਮ ਨੇ ਲੋਕਾਂ ਨੂੰ ਆਪਣੇ ਘਰਾਂ ਵਿੱਚ ਹਫਤੇ ਵਿੱਚ ਇੱਕ ਵਾਰ ਡਰਾਈ ਡੇ ਵੀ ਜਰੂਰ ਮਨਾਉਣ ਲਈ ਕਿਹਾ ਅਖੀਰ ਵਿਚ ਸਿਹਤ ਵਿਭਾਗ ਦੀ ਟੀਮ ਵੱਲੋਂ ਪ੍ਰਾਈਵੇਟ ਲੈਬਾਰਟਰੀ ਟੈਕਨੀਸ਼ੀਅਨਜ਼ ਨੂੰ ਵੀ ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਦੀਆਂ ਹਦਾਇਤਾਂ ਬਾਰੇ ਜਾਣੂ ਕਰਵਾਇਆ ਗਿਆ ਇਸ ਸਮੇਂ ਲੈਬਾਰਟਰੀ ਟੈਕਨੀਸ਼ੀਅਨ ਯੂਨੀਅਨ ਨੇ ਵੀ ਸਿਹਤ ਵਿਭਾਗ ਦੀ ਟੀਮ ਦਾ ਵਿਸ਼ੇਸ਼ ਧੰਨਵਾਦ ਕੀਤਾ।

# ਡਿਪਟੀ ਕਮਿਸ਼ਨਰ ਵੱਲੋਂ ਪਲਾਂਟੇਸ਼ਨ ਡ੍ਰਾਈਵ ਆਰੰਭ




**ਲੁਧਿਆਣਾ/ਸੁਖਚੈਨ ਮਹਿਰਾ**

ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀਮਤੀ ਸੁਰਭੀ ਮਲਿਕ ਵੱਲੋਂ ਵਿਸ਼ਵ ਵਾਤਾਵਰਨ ਦਿਵਸ ਨੂੰ ਸਮਰਪਿਤ, ਬੁੱਢੇ ਦਰਿਆ ਦੇ ਨਾਲ ਲੱਗਦੀ 18 ਏਕੜ ਜ਼ਮੀਨ ਵਿੱਚ ਪੌਦੇ ਲਗਾਉਣ ਦੀ ਮੁਹਿੰਮ ਦੀ ਸੁਰੂਆਤ ਕੀਤੀ। ਇਸ ਮੌਕੇ ਜ਼ਿਲ੍ਹਾ ਜੰਗਲਾਤ ਅ਼ਫ਼ਸਰ ਸ. ਹਰਭਜਨ ਸਿੰਘ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ।

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਇਹ ਜ਼ਮੀਨ ਜ਼ਿਲ੍ਹਾ ਜੰਗਲਾਤ ਅ਼ਫ਼ਸਰ ਸ. ਹਰਭਜਨ ਸਿੰਘ ਦੀ ਅਗਵਾਈ ਹੇਠ ਪੰਜਾਬ ਜੰਗਲਾਤ ਵਿਭਾਗ ਵੱਲੋਂ ਕਬਜ਼ਾ ਮੁਕਤ ਕਰਵਾਈ ਗਈ ਸੀ।

ਜ਼ਿਲ੍ਹਾ ਜੰਗਲਾਤ ਅ਼ਫ਼ਸਰ ਸ. ਹਰਭਜਨ ਸਿੰਘ ਨੇ ਕਿਹਾ ਕਿ ਪੌਦਾਰੋਪਣ ਮੁਹਿੰਮ ਤਹਿਤ ਬੁੱਢੇ ਨਾਲੇ ਦੇ ਨਾਲ-ਨਾਲ 7 ਹਜ਼ਾਰ ਦੇ ਕਰੀਬ ਪੌਦੇ ਲਗਾਏ ਜਾਣਗੇ ਜੋ ਆਉਣ ਵਾਲੇ ਸਾਲਾਂ ਵਿੱਚ ਬੁੱਢਾ ਦਰਿਆ ਦੇ ਨਾਲ ਪ੍ਰਦੂਸ਼ਣ ਮੁਕਤ ਵਾਤਾਵਰਣ ਪ੍ਰਦਾਨ ਕਰਨਗੇ।

ਇਸ ਮੌਕੇ ਡਿਪਟੀ ਕਮਿਸ਼ਨਰ ਵੱਲੋਂ ਲੋਕਾਂ ਨੂੰ ਵਾਤਾਵਰਨ ਦੀ ਸੰਭਾਲ ਲਈ ਵੱਧ ਤੋਂ ਵੱਧ ਬੂਟੇ ਲਗਾਉਣ ਦੀ ਅਪੀਲ ਵੀ ਕੀਤੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸ੍ਰੀ ਅਮਿਤ ਕੁਮਾਰ ਪੰਚਾਲ, ਕਾਰਜਕਾਰੀ ਇੰਜੀਨੀਅਰ (ਡਰੇਨੇਜ) ਸ. ਹਰਜੋਤ ਸਿੰਘ, ਬੁੱਢੇ ਨਾਲੇ ਦੇ ਕਾਇਆ ਕਲਪ ਪ੍ਰੋਜੈਕਟ ਦੀ ਟਾਸਕ ਫੋਰਸ ਦੇ ਮੈਂਬਰ ਕਰਨਲ (ਸੇਵਾਮੁਕਤ) ਜਸਜੀਤ ਸਿੰਘ ਗਿੱਲ ਅਤੇ ਵਣ ਰੇਂਜ ਅਫਸਰ ਸ. ਕਮਲਪ੍ਰੀਤ ਸਿੰਘ ਨੇ ਵੀ ਬੂਟੇ ਲਗਾਏ।

# ਸਿੱਧੂ ਮੂਸੇਵਾਲ ਦੀ ਮੌਤ ਤੇ ਸਿਆਸੀ ਪਾਰਟੀਆਂ ਵੱਲੋਂ ਕੀਤੀ ਜਾ ਰਹੀ ਬੇਤੁਕੀ ਸਿਆਸਤ ਬੰਦ ਹੋਵੇ- ਖੀਰਨੀਆਂ

**ਸਮਰਾਲਾ/ ਭੂਸ਼ਨ ਬਾਂਸਲ ਸੁਨੀਲ ਅਗਰਵਾਲ**

ਅੱਜ ਭਾਰਤੀ ਕਿਸਾਨ ਯੂਨੀਅਨ (ਦੋਆਬਾ) ਦੀ ਮਹੀਨਾਵਾਰ ਮੀਟਿੰਗ ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਚੰਡੀਗੜ੍ਹ ਰੋਡ ਸਮਰਾਲਾ ਵਿਖੇ ਜ਼ਿਲ੍ਹਾ ਪ੍ਰਧਾਨ ਬਲਵੀਰ ਸਿੰਘ ਖੀਰਨੀਆਂ ਅਤੇ ਬਿੱਕਰ ਸਿੰਘ ਮਾਨ ਕੋਟਲਾ ਸਮਸ਼ਪੁਰ ਬਲਾਕ ਪ੍ਰਧਾਨ ਮਾਛੀਵਾੜਾ ਦੀ ਅਗਵਾਈ ਹੇਠ ਹੋਈ। ਸਭ ਤੋਂ ਪਹਿਲਾਂ ਕੁਝ ਦਿਨ ਪਹਿਲਾਂ ਅੰਤਰਰਾਸ਼ਟਰੀ ਪ੍ਰਸਿੱਧੀ ਖੱਟ ਚੁੱਕੇ ਪੰਜਾਬੀ ਗਾਇਕ ਸਿੱਧੂ ਮੂਸੇਵਾਲ ਦੀ ਮੌਤ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਮੌਕੇ ਬਲਵੀਰ ਸਿੰਘ ਖੀਰਨੀਆਂ ਨੇ ਕਿਹਾ ਕਿ ਸਿੱਧੂ ਮੂਸੇਵਾਲਾ ਦੀ ਮੌਤ ਉਪਰ ਸਿਆਸੀ ਪਾਰਟੀਆਂ 'ਆਪ' ਸਰਕਾਰ ਉੱਤੇ ਦੂਸ਼ਣਬਾਜੀ ਕਰਕੇ ਅਤੇ ਝੂਠੇ ਬਲੇਮ ਲਾ ਕੇ ਆਪਣੀਆਂ ਸਿਆਸੀ ਰੋਟੀਆਂ ਸੇਕ ਰਹੇ ਹਨ। ਭਗਵੰਤ ਮਾਨ ਜੋ ਪੂਰੀ ਇਮਾਨਦਾਰੀ ਅਤੇ ਸ਼ਿੱਦਤ ਨਾਲ ਪੰਜਾਬ ਦੇ ਭਵਿੱਖ ਨੂੰ ਸੁਧਾਰਨ ਵਿੱਚ ਜੁਟੇ ਹੋਏ ਹਨ, ਉਨ੍ਹਾਂ ਨੂੰ ਵੱਖ ਵੱਖ ਸਿਆਸੀ ਪਾਰਟੀਆਂ ਵੱਲੋਂ ਭੰਡਣ ਦੀ ਨਿੰਦਾ ਕੀਤੀ ਗਈ। ਇਸ ਮੌਕੇ ਬਿੱਕਰ ਸਿੰਘ ਮਾਨ ਕੋਟਲਾ ਸਮਸ਼ਪੁਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਝੋਨੇ ਦੀ ਬਿਜਾਈ ਸ਼ੁਰੂ ਹੋਣ ਵਾਲੀ ਹੈ, ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਝੋਨੇ ਦੀ ਬਿਜਾਈ ਵੇਲੇ ਕਿਸਾਨਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਜਾਵੇ, ਜੇਕਰ ਸਰਕਾਰ ਕੋਲ ਕੋਲੇ ਦੀ ਕਮੀ ਹੈ ਤਾਂ ਉਸਨੂੰ ਜਲਦ ਤੋਂ ਜਲਦ ਪੂਰਾ ਕਰੇ, ਤਾਂ ਜੋ ਕਿਸਾਨ ਬਿਨਾਂ ਕਿਸੇ ਪਰੇਸ਼ਾਨੀ ਤੋਂ ਝੋਨਾ ਲਗਾ ਸਕਣ। ਉਨ੍ਹਾਂ ਕਿਸਾਨ ਭਰਾਵਾਂ ਨੂੰ ਵੀ ਅਪੀਲ ਕੀਤੀ ਕਿ ਵਾਤਾਵਰਨ ਵਿੱਚ ਆ ਰਹੀ ਤਬਦੀਲੀ ਨੂੰ ਦੇਖਦੇ ਹੋਏ ਆਪਣੀਆਂ ਮੋਟਰਾਂ ਅਤੇ ਘਰਾਂ ਵਿੱਚ ਵੱਧ ਤੋਂ ਵੱਧ ਦਰੱਖਤ ਲਾਉਣ। ਅੱਜ ਦੀ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਜਰਨੈਲ ਸਿੰਘ ਜਨ: ਸਕੱਤਰ, ਹੁਸ਼ਿਆਰ ਸਿੰਘ, ਜੀਤ ਸਿੰਘ, ਅਮਰਜੀਤ ਸਿੰਘ, ਗੁਰਜਪਾਲ ਸਿੰਘ, ਸਤਨਾਮ ਸਿੰਘ ਰਾਮਗੜ੍ਹ, ਕਰਮਜੀਤ ਸਿੰਘ ਕੋਟਲਾ ਸਮਸ਼ਪੁਰ, ਅਮਨਦੀਪ ਸਿੰਘ, ਅਮਰੀਕ ਸਿੰਘ, ਚਰਨ ਸਿੰਘ, ਬਹਾਦਰ ਸਿੰਘ, ਹਰਪ੍ਰੀਤ ਸਿੰਘ, ਅਵਤਾਰ ਸਿੰਘ, ਮੇਹਲ ਸਿੰਘ ਸਰਪੰਚ, ਜੀਵਨ ਸਿੰਘ ਸਕੱਤਰ, ਗੁਰਨਾਮ ਸਿੰਘ ਆਦਿ ਹਾਜ਼ਰ ਸਨ।



## ਅੱਜ ਦਾ ਵਿਚਾਰ

ਸੇਵਾ ਤਾਂ ਸੇਵਾ ਹੀ ਹੁੰਦੀ ਹੈ ।
ਦੋਸਤੋ ਚਾਹੇ ਮਾਂ ਪਿਓ ਦੀ ਕਰ ਲਵੋ,
ਚਾਹੇ ਗੁਰਦੁਆਰਿਆਂ ਜਾਂ ਕਿਸੇ ਵੀ
ਧਾਰਮਕ ਸਥਾਨ ਤੇ ਜਾ ਕੇ ਕਰ ਲਓ ।
ਪਰ ਇੱਕ ਗੱਲ ਯਾਦ ਰੱਖਿਓ
ਗੁਰਦੁਆਰਿਆਂ
ਜਾਂ ਕਿਸੇ ਵੀ ਧਾਰਮਕ ਅਸਥਾਨ ਤੇ,
ਤੁਹਾਨੂੰ ਸੇਵਾ ਕਰਦਿਆਂ ਤਾਂ ਬਹੁਤ ਲੋਕਾਂ
ਨੇ ਵੇਖਿਆ ਹੋਣਾ ਪਰ ਮਾਂ ਪਿਓ ਦੀ ਸੇਵਾ
ਕਰਦਿਆਂ ਤੁਹਾਨੂੰ ਕੋਈ ਵੇਖੇ ਨਾ ਵੇਖੇ
ਪਰ ਤੁਹਾਨੂੰ ਪ੍ਰਮਾਤਮਾ ਰੱਬ ਜ਼ਰੂਰ ਵੇਖਦਾ



**ਗੁਰਪ੍ਰੀਤ ਸਿੰਘ ਸੰਧੂ ਪਿੰਡ ਅਵਾਣ**
**(ਜ਼ੀਰਾ ਫਿਰੋਜਪੁਰ )**
**ਪੱਤਰਕਾਰ ਜਸਵਿੰਦਰ ਸਿੰਘ ਬਰਾੜ**
**ਸਾਧਾਂਵਾਲਾ ਫਰੀਦਕੋਟ ਸੰਪਰਕ**
**9517660002**

# ਚਾਰ ਸਿੱਖ ਲਾਈਟ ਇਟਫੈਟਰੀ ਵੱਲੋਂ ਸਿਪਾਹੀ ਗੁਰਨਾਮ ਸਿੰਘ ਮਾਜਰੀ (ਪਾਇਲ) ਦਾ ਸਾਬਕਾ ਸਰਵਿਸ ਮੈਨ ਵੱਲੋਂ ਕੀਤਾ ਗਿਆ ਸਨਮਾਨ



**ਸਮਰਾਲਾ ਬੀਜਾ/ਭੂਸ਼ਨ ਬਾਂਸਲ ਸੁਨੀਲ ਅਗਰਵਾਲ**

ਚਾਰ ਸਿੱਖ ਲਾਈਟ ਇਟਫੈਟਰੀ ਵੱਲੋਂ ਸਿਪਾਹੀ ਗੁਰਨਾਮ ਸਿੰਘ ਮਾਜਰੀ (ਪਾਇਲ) ਦਾ ਸਾਬਕਾ ਸਰਵਿਸ ਮੈਨ ਵੱਲੋਂ ਕੀਤਾ ਗਿਆ ਸਨਮਾਨ । ਸਾਬਕਾ ਸਿਪਾਹੀ ਗੁਰਨਾਮ ਸਿੰਘ ਦਾ ਜਨਮ 1938 ਪਿੰਡ ਮਾਜਰੀ ਵਿਖੇ ਹੋਇਆ ਉਨ੍ਹਾਂ ਨੇ ਪੜ੍ਹਾਈ ਆਪਣੇ ਪਿੰਡ ਦੇ ਸਕੂਲ ਵਿੱਚੋਂ ਕੀਤੀ ਪੜ੍ਹਾਈ ਪੂਰੀ ਕਰਨ ਉਪਰੰਤ ਉਹ ਸਪੋਰਟਸ ਦੇ ਇੱਕ ਚੰਗੇ ਖਿਡਾਰੀ ਹਨ ਫਿਰ ਉਹ ਫੌਜ ਵਿੱਚ ਭਰਤੀ ਹੋ ਗਏ ਸੰਨ 1951 ਵਿੱਚ ਫੌਜ ਦੀ ਭਰਤੀ ਦੌਰਾਨ ਉਨ੍ਹਾਂ ਨੇ ਚਾਰ ਲੜਾਈਆਂ ਲੜੀਆਂ ਪਹਿਲੀ ਲੜਾਈ ਸੰਨ 1959 ਦੀ ਲਡਾਈ ਗੋਆ ਨਾਲ ਲੜੀ ਤੇ ਦੂਜੀ ਲੜਾਈ ਸੰਨ 1962 ਵਿੱਚ ਚੀਨ ਨਾਲ ਲੜੀ ਤੇ ਤੀਜੀ ਲੜਾਈ ਸੰਨ 1965 ਜੇ ਲੜਾਈ ਪਾਕਿਸਤਾਨ ਲੜੀ ਅਤੇ ਚੌਥੀ ਲੜਾਈ ਸੰਨ 1971 ਦੀ ਬੰਗਲਾਦੇਸ਼ ਨਾਲ ਲੜੀ ਉਨ੍ਹਾਂ ਆਪਣੀ ਸਰਵਿਸ ਤੇ ਵਿਚ ਚਾਰ ਲੜਾਈਆਂ ਲੜੀਆਂ । ਆਪਣੀ ਸਰਵਿਸ ਦੌਰਾਨ ਦੂਜੀ ਲੜਾਈ 1962 ਦੀ ਲੜਾਈ ਚੈਨਾ ਨਾਲ ਲੜੀ ਸੀ ਉਸ ਦੌਰਾਨ ਇਨ੍ਹਾਂ ਨੂੰ ਬਾਰਡਰ ਤੇ ਬੰਦੀ ਬਣਾ ਲਿਆ ਗਿਆ ਸੀ ਤੇ ਪਿੰਡ ਵਾਲਿਆਂ ਨੇ ਉਨ੍ਹਾਂ ਨੂੰ ਸ਼ਹੀਦ ਸਮਝ ਤੇ ਇਨ੍ਹਾਂ ਦਾ ਭੋਗ ਵੀ ਪਾ ਦਿੱਤਾ ਗਿਆ ਸੀ ਫਿਰ ਨੌਂ ਮਹੀਨਿਆਂ ਬਾਅਦ ਇਨ੍ਹਾਂ ਨੂੰ ਪਿੰਡ ਪਤਾ ਲੱਗਿਆ ਕਿ ਗੁਰਨਾਮ ਸਿੰਘ ਹਜੇ ਸ਼ਹੀਦ ਨਹੀਂ ਹੋਈ ਉਸ ਵਕਤ ਪਿੰਡ ਵਿੱਚ ਇੱਕ ਖੁਸ਼ੀ ਦਾ ਮਾਹੌਲ ਦੇਖਿਆ ਗਿਆ ਪਰਿਵਾਰ ਵਿੱਚ ਵੀ ਵਿਆਹ ਵਰਗਾ ਮਾਹੌਲ ਦੇਖਿਆ ਗਿਆ ਚਾਰ ਲੜਾਈਆਂ ਲੜਨ ਉਪਰੰਤ ਗੁਰਨਾਮ ਸਿੰਘ ਨੂੰ ਪੰਜਾਬ ਅਤੇ ਕੇਂਦਰ ਸਰਕਾਰ ਵੱਲੋਂ ਕੋਈ ਸਪੈਸ਼ਲ ਪੈਕ ਦੀ ਪਰਿਵਾਰ ਵੱਲੋਂ ਮੰਗ ਕੀਤੀ ਗਈ ਅਤੇ ਪਿੰਡ ਵਾਸੀਆਂ ਵੱਲੋਂ ਵੀ ਅਤੇ ਨਾਲ ਹੀ ਪਿੰਡ ਵਾਸੀਆਂ ਨੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਜੋ ਸਾਡੇ ਪਿੰਡ ਦਾ ਸਕੂਲ ਹੈ ਉਹ ਪੰਜਵੀਂ ਤਕ ਹੀ ਹੈ ਉਸ ਨੂੰ ਬੀ ਮਿਡਲ ਕਲਾਸ ਤਕ ਜਾਂ ਦਸਵੀਂ ਤਕ ਬਣਾਇਆ ਜਾ ਸਕੇ ਗੁਰਨਾਮ ਸਿੰਘ ਦੇ ਨਾਂ ਤੇ ਬਣਾਇਆ ਜਾ ਸਕੇ ਪਿੰਡ ਵਾਲੇ ਗੁਰਨਾਮ ਸਿੰਘ ਨੂੰ ਜ਼ਿੰਦਾ ਸ਼ਹੀਦ ਮੰਨ ਰਹੇ ਹਨ । ਇਨ੍ਹਾਂ ਦੇ ਸਪੁੱਤਰ ਜਗਪਾਲ ਸਿੰਘ ਤੇ ਸੁਪੱਤਰ ਜਗਦੇਵ ਸਿੰਘ ਵੱਲੋਂ ਚਾਰ ਸਿੱਖ ਲਾਈਟ ਇਟਫੈਟਰੀ ਸਾਰੇ ਹੀ ਸਾਬਕਾ ਸੈਨਿਕਾਂ ਦਾ ਮੇਰੇ ਪਿਤਾ ਦਾ ਬਹੁਤ ਵੱਡਾ ਸਨਮਾਨ ਕੀਤਾ ਗਿਆ ਹੈ ਅਸੀਂ ਸਮੂਹ ਪਰਿਵਾਰ ਸਮੇਤ ਅਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਇਨ੍ਹਾਂ ਸਾਰੇ ਸਾਬਕਾ ਸੈਨਿਕਾਂ ਦਾ ਧੰਨਵਾਦ ਕਰਦੇ ਹਾ । ਇਸ ਮੌਕੇ ਪਰਿਵਾਰ ਨੇ ਮੰਗ ਕੀਤੀ ਪੰਜਾਬ ਸਰਕਾਰ ਤੋਂ ਕੇ ਸਿਪਾਹੀ ਗੁਰਨਾਮ ਸਿੰਘ ਜੋ ਕਿ ਜ਼ਿੰਦਾ ਸ਼ਹੀਦ ਹਨ ਉਨ੍ਹਾਂ ਦੇ ਪੋਤਰੇ ਨੌਜਵਾਨ ਹਨ ਫਿਜ਼ੀਕਲ ਫਿੱਟ ਹਨ ਅਤੇ ਫੁੱਟਬਾਲ ਦੇ ਚੰਗੇ ਖਿਡਾਰੀ ਹਨ ਪੰਜਾਬ ਸਰਕਾਰ ਇਨ੍ਹਾਂ ਦੇ ਇਕ ਪੋਤੇ ਨੂੰ ਨੌਕਰੀ ਦੇ ਕੇ ਸਿਪਾਹੀ ਗੁਰਨਾਮ ਸਿੰਘ ਜ਼ਿੰਦਾ ਸ਼ਹੀਦ ਦੇ ਪਰਿਵਾਰ ਨੂੰ ਨੌਕਰੀ ਦੇ ਕੇ ਮਾਣ ਸਤਿਕਾਰ ਕੀਤਾ ਜਾਵੇ ਤਾਂ ਜੋ ਪਰਿਵਾਰ ਵੱਲੋਂ ਭਗਵੰਤ ਸਰਕਾਰ ਦਾ ਤੇ ਨਾਲ ਹੀ ਹਲਕਾ ਪਾਇਲ ਦੇ ਐਮਐਲਏ ਮਨਵਿੰਦਰ ਸਿੰਘ ਗਿਆਸਪੁਰਾ ਦਾ ਧੰਨਵਾਦ ਕੀਤਾ ਜਾ ਸਕੇ । ਇਸ ਮੌਕੇ ਮੌਜੂਦ ਆਨਰੇਰੀ ਕੈਪਟਨ ਸ਼ਮਸ਼ੇਰ ਸਿੰਘ ਗਿੱਦੜੀ , ਆਨਰੇਰੀ ਕੈਪਟਨ ਦਲਜੀਤ ਸਿੰਘ ਸਾਹਨੀ , ਸਮਾਜ ਸੇਵਕ ਤੇ ਲੈਕਚਰਾਰ ਮੱਘਰ ਸਿੰਘ ਸਲਾਣਾ , ਸੂਬੇਦਾਰ ਮੇਜਰ ਗੁਰਮੁਖ ਸਿੰਘ ਅਲੀਪੁਰ , ਸੂਬੇਦਾਰ ਮੇਜਰ ਸੰਤੋਖ ਸਿੰਘ ਭੈਰੋਮੁਨਾ , ਸੂਬੇਦਾਰ ਮੇਜਰ ਬਲਬੀਰ ਸਿੰਘ ਅਮਲੋਹ , ਹੌਲਦਾਰ ਗੁਰਮੀਤ ਸਿੰਘ ਬਿਲਾਸਪੁਰ , ਨਾਇਬ ਸੂਬੇਦਾਰ ਤਰਲੋਚਨ ਸਿੰਘ ਢੀਂਡਸਾ , ਡਾ ਕੁਲਦੀਪ ਸਿੰਘ ਸਰਪੰਚ ਕੁਲਦੀਪ ਸਿੰਘ ਕੁਲਦੀਪ ਸਿੰਘ , ਸਾਬਕਾ ਸਰਪੰਚ ਜਗਤਾਰ ਸਿੰਘ , ਲਾਈਨਮੈਨ ਨਾਹਰ ਸਿੰਘ, ਪੰਚ ਬਿੱਕਰ ਸਿੰਘ , ਪੰਜਾਬ ਪੁਲੀਸ ਗੁਰਮੀਤ ਸਿੰਘ ਪੀਲੂ , ਦਰਸ਼ਨ ਸਿੰਘ , ਤਰਨਪ੍ਰੀਤ ਸਿੰਘ , ਜਗਤਾਰ ਸਿੰਘ , ਭਜਨ ਸਿੰਘ , ਫੌਜੀ ਗੁਰਪ੍ਰੀਤ ਸਿੰਘ ਆਦਿ ਹਾਜਰ ਸਨ।

# 13 ਜੂਨ ਤੋਂ ਹੋਵੇਗਾ ਭੰਗੜਾ ਸਿਖਲਾਈ ਕੈਂਪ ਸ਼ੁਰੂ : ਅਜੈਬ ਸਿੰਘ/ਜੈਕਬ ਮਸੀਹ








**ਗੁਰਦਾਸਪੁਰ-ਨਵਨੀਤ ਕੁਮਾਰ**

ਸਾਡੇ ਪੁਰਖਾਂ ਵੱਲੋਂ ਵਿਰਾਸਤ ਵਿੱਚ ਮਿਲੇ ਲੋਕ ਨਾਚ ਨੂੰ ਨਵੀਂ ਪੀੜ੍ਹੀ ਨੂੰ ਵੰਡਣ ਦਾ ਫਰਜ ਨਿਭਾ ਰਿਹਾ ਲੋਕ ਸੱਭਿਆਚਾਰਕ ਪਿੜ ਰਜਿਸਟਰਡ ਗੁਰਦਾਸਪੁਰ ਦੇ ਪ੍ਰਸਿੱਧ ਭੰਗੜਾ ਕੋਚ ਸ.ਅਜੈਬ ਸਿੰਘ ਅਤੇ ਜੈਕਬ ਮਸੀਹ ਨੇ ਸਾਂਝੇ ਤੌਰ ਤੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿੜ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ 13 ਜੂਨ 2022 ਤੋਂ ਸਵ.ਹੈਪੀ ਮਾਨ ਯਾਦਗਾਰੀ ਭੰਗੜਾ ਸਿਖਲਾਈ ਕੈਂਪ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਗੁਰਦਾਸਪੁਰ ਨੇੜੇ ਬੱਸ ਸਟੈਂਡ ਵਿਖੇ ਲਗਾਇਆ ਜਾ ਰਿਹਾ ਹੈ।ਜਿਸ ਦਾ ਸਮਾਂ ਸਵੇਰੇ 7 ਵਜੇ ਤੋਂ ਲੈ ਕੇ 8:30 ਵਜੇ ਤੱਕ ਹਰ ਰੋਜ਼ ਹੋਇਆ ਕਰੇਗਾ।ਚਾਹਵਾਨ ਮੁੰਡੇ-ਕੁੜੀਆਂ ਇਸ ਕੈਂਪ ਵਿਚ ਭਾਗ ਲੈ ਸਕਦੇ ਹਨ। ਕੈਂਪ ਵਿਚ ਭਾਗ ਲੈਣ ਲਈ ਐਂਟਰੀ ਫਾਰਮ 12 ਜੂਨ ਨੂੰ ਖਾਲਸਾ ਸਕੂਲ ਵਿਚ ਸ਼ਾਮੀਂ 6 ਵਜੇ ਭਰੇ ਜਾਵਣਗੇ।ਭੰਗੜਾ ਕੈਂਪ ਦੇ ਸਿਖਿਆਰਥੀਆਂ ਕੋਲੋਂ ਢੋਲ ਦਾ ਖਰਚਾ ਹੀ ਲਿਆ ਜਾਵੇਗਾ।ਹੋਰ ਜਾਣਕਾਰੀ ਲੈਣੀ ਹੋਵੇ ਤਾਂ ਜੈਕਬ ਤੇਜਾ ਫੇਸ ਬੁੱਕ ਤੋਂ ਪ੍ਰਾਪਤ ਕਰ ਸਕਦੇ ਹੋ।

# ਵਿਸਵ ਵਾਤਾਵਰਨ ਦਿਵਸ ਮੌਕੇ ਬੂਟਾ ਲਗਾਇਆ

**ਲੁਧਿਆਣਾ/ਸੁਖਚੈਨ ਮਹਿਰਾ**

ਵਾਰਡ ਨੰ 68 ਵਿਖੇ ਪੰਜਾਬ ਪ੍ਰਦੇਸ਼ ਯੂਥ ਕਾਂਗਰਸ ਐਂਡ ਵੈਲਫ਼ੇਅਰ ਸੈੱਲ ਚੇਅਰਮੈਨ ਚੌਧਰੀ ਮਨੀ ਖੀਵਾ ਵਲੋਂ ਵਿਸਵ ਵਾਤਾਵਰਨ ਦਿਵਸ ਮੌਕੇ ਬੂਟਾ ਲਗਾਇਆ। ਖੀਵਾ ਨੇ ਕਿਹਾ ਹੈ ਕਿ ਇਸ ਵਾਤਾਵਰਨ ਦਿਵਸ ਤੇ ਰੁੱਖ ਲਗਾਉਣ ਪਾਣੀ ਦੀ ਬਚਤ ਕਰਨ ਅਤੇ ਪ੍ਰਦੂਸ਼ਣ ਘਟਾਉਣ ਅਤੇ ਵਾਤਾਵਰਣ ਦੀ ਰੱਖਿਆ ਲਈ ਜਾਗਰੂਕਤਾ ਵਧਾਉਣ ਦਾ ਸੰਕਲਪ ਲਈਏ ਇਸ ਮੌਕੇ ਤੇ ਸੰਨੀ ਖੀਵਾ, ਕੁਲਦੀਪ ਚੰਦ,ਹਨੀ ਸਿੰਘ, ਸਨੀ ਕੁਮਾਰ, ਬਲਵੀਰ ਸਿੰਘ, ਆਦਿ ਹਾਜਰ ਸਨ।



ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

# ਕੋਹਿਪ ਕੈਨੇਡਾ ਵੱਲੋਂ ਦੀਪਕ ਆਨੰਦ ਦੀ ਜਿੱਤ ‘ਤੇ ਖੁਸ਼ੀ ਦਾ ਪ੍ਰਗਟਾਵਾ



**ਸ਼ੇਰਪੁਰ/ਯਾਦਵਿੰਦਰ ਸਿੰਘ ਮਾਹੀ**

ਓੰਟਾਰੀਓ ਵਿਧਾਨ ਸਭਾ ਲਈ ਮਿਸੀਸਾਗਾ ਮਾਨਟਨ ਤੋਂ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਸ੍ਰੀ ਦੀਪਕ ਆਨੰਦ ਨੇ ਇਤਿਹਾਸਕ ਜਿੱਤ ਪ੍ਰਾਪਤ ਕਰਨ ‘ਤੇ “ਕੌਂਸਲ ਆਫ਼ ਹੈਰੀਟੇਜ ਐਂਡ ਇੰਟਰਨੈਸ਼ਨਲ ਪੀਸ ਕੈਨੇਡਾ“ ਦੇ ਚੇਅਰਮੈਨ ਰੌਸ਼ਨ ਪਾਠਕ ਜੀ , ਉੱਤਰੀ ਭਾਰਤ ਦੇ ਪ੍ਰਧਾਨ ਪ੍ਰਿੰਸੀਪਲ ਡਾਂ ਕਮਲਜੀਤ ਸਿੰਘ ਟਿੱਬਾ,ਜਨਰਲ ਸਕੱਤਰ ਪ੍ਰਿੰਸੀਪਲ ਮੋਨਿਕਾ ਮਲਹੋਤਰਾ ਲੁਧਿਆਣਾ ਅਤੇ ਸੰਸਥਾ ਦੇ ਮੀਡੀਆ ਇੰਚਾਰਜ ਲੇਖਕ ਅਤੇ ਸੀਨੀਅਰ ਪੱਤਰਕਾਰ ਕੁਲਵੰਤ ਸਿੰਘ ਟਿੱਬਾ ਨੇ ਖੁਸੀ ਦਾ ਪ੍ਰਗਟਾਵਾ ਕੀਤਾ ਹੈ।ਇਸ ਬਾਰੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੌਂਸਲ ਦੇ ਮੀਡੀਆ ਇੰਚਾਰਜ ਕੁਲਵੰਤ ਸਿੰਘ ਟਿੱਬਾ ਨੇ ਦੱਸਿਆ ਕਿ ਓੰਟਾਰੀਓ ਪ੍ਰੀਮੀਅਰ ਲਈ ਹੋਈਆਂ ਚੋਣਾਂ ਵਿੱਚ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੇ ਡੱਗ ਫੋਰਡ ਦੀ ਅਗਵਾਈ ਹੇਠ ਇਤਿਹਾਸਕ ਜਿੱਤ ਨਾਲ ਮੁੜ ਸੱਤਾ ਪ੍ਰਾਪਤ ਕੀਤੀ ਹੈ।ਉਨ੍ਹਾਂ ਦੱਸਿਆ ਕਿ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਵੱਲੋਂ ਚੋਣ ਮੈਦਾਨ ਵਿੱਚ ਉਤਾਰੇ ਪੰਜਾਬੀ ਮੂਲ ਦੇ ਸਾਰੇ ਛੇ ਉਮੀਦਵਾਰ ਚੋਣ ਜਿੱਤ ਗਏ ਹਨ, ਜੋ ਪੰਜਾਬ ਲਈ ਮਾਣ ਵਾਲੀ ਗੱਲ ਹੈ।ਟਿੱਬਾ ਨੇ ਦੱਸਿਆ ਕਿ ਓੰਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦੀ ਪਿਛਲੀ ਸਰਕਾਰ ਵਿੱਚ ਪੰਜਾਬੀ ਮੂਲ ਦੇ ਪ੍ਰਭਜੀਤ ਸਰਕਾਰੀਆ ਪਹਿਲੇ ਪਗੜੀਧਾਰੀ ਸਿੱਖ ਕੈਬਨਿਟ ਮੰਤਰੀ ਬਣਾਏ ਗਏ ਸਨ।ਟਿੱਬਾ ਨੇ ਦੱਸਿਆ ਕਿ ਕੈਨੇਡਾ ਵਿਖੇ ਸਾਡੀ ਸੰਸਥਾ ਦੇ ਚੇਅਰਮੈਨ ਰੌਸ਼ਨ ਪਾਠਕ ਨੇ ਸ੍ਰੀ ਦੀਪਕ ਆਨੰਦ ਨੂੰ ਮਿਲ ਕੇ ਮੁਬਾਰਕਬਾਦ ਦਿੱਤੀ ਹੈ।ਉਨ੍ਹਾਂ ਦੱਸਿਆ ਕਿ ਸਾਡੀ ਸੰਸਥਾ ਵੱਲੋਂ ਇਸੇ ਸਾਲ ਮਾਰਚ ਮਹੀਨੇ ਦੌਰਾਨ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਆਯੋਜਿਤ ਆਨਲਾਈਨ ਜ਼ੂਮ ਕਾਨਫ਼ਰੰਸ ਵਿੱਚ ਦੀਪਕ ਆਨੰਦ ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ ਸੀ ਅਤੇ ਚੇਅਰਮੈਨ ਰੌਸ਼ਨ ਪਾਠਕ ਦੀ ਅਗਵਾਈ ਹੇਠ ਸ੍ਰੀ ਆਨੰਦ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ ਸੀ।

# ਕਾਂਗਰਸ ਪਾਰਟੀ ਨੂੰ ਛੱਡ ਕੇ ਭਾਜਪਾ ਵਿਚ ਜਾ ਰਹੇ ਹਨ ਇਹਨਾਂ ਤੋਂ ਜਿਆਦਾ ਮਤਲਬ ਪ੍ਰਸਤ ਕੋਈ ਨਹੀਂ ਹੋ ਸਕਦਾ ਕਾਂਗਰਸ ਪਾਰਟੀ ਨੂੰ ਇਹਨਾਂ ਦੇ ਛੱਡ ਕੇ ਜਾਣਾ ਕੋਈ ਫਰਕ ਨਹੀਂ ਪਵੇਗਾ : ਪ੍ਰਧਾਨ ਸੁਰਮੁਖ ਸਿੰਘ ਹਰਬੰਸਪੁਰਾ

**ਸਮਰਾਲਾ ਬੀਜਾ/ਭੂਸ਼ਨ ਬਾਂਸਲ ਸੁਨੀਲ ਅਗਰਵਾਲ**



ਰਾਹੁਲ ਗਾਂਧੀ ਪ੍ਰਿਯੰਕਾ ਸੈਨਾ ਤੇ ਸਟੇਟ ਵਾਈਸ ਪ੍ਰੈਜੀਡੈਂਟ ਅਤੇ ਨੰਬਰਦਾਰ ਐਸੋਸੀਏਸਨ ਗਾਲਬ ਦੇ ਜਿ਼ਲ੍ਹਾ ਪ੍ਰਧਾਨ ਸੁਰਮੁਖ ਸਿੰਘ ਹਰਬੰਸਪੁਰਾ ਨੇ ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੋ ਲੋਕ ਅੱਜ ਕਾਂਗਰਸ ਪਾਰਟੀ ਨੂੰ ਛੱਡ ਕੇ ਭਾਜਪਾ ਵਿਚ ਜਾ ਰਹੇ ਹਨ ਇਹਨਾਂ ਤੋਂ ਜਿ਼ਆਦਾ ਮਤਲਬ ਪ੍ਰਸਤ ਕੋਈ ਨਹੀਂ ਹੋ ਸਕਦਾ ਕਾਂਗਰਸ ਪਾਰਟੀ ਨੇ ਇਨ੍ਹਾਂ ਨੂੰ ਟਿਕਟਾਂ ਦੇ ਕੇ ਨਿਵਾਜਿਆ ਤਾਂ ਇਹ ਮੰਤਰੀ ਬਣੇ ਅਤੇ ਸਰਕਾਰ ਸੁੱਖ ਮਾਣਦੇ ਹੋਏ ਇਨ੍ਹਾਂ ਨੇ ਢੋਲੇ ਦੀਆਂ ਲਾਈਆਂ ਅਤੇ ਮੰਨ ਮਰਜੀਆ ਕੀਤੀਆਂ ਸੱਤਾ ਦਾ ਸੁੱਖ ਮਾਣਿਆ ਇਹਨਾਂ ਨੇ ਆਪਣੇ ਵੋਟਰਾਂ ਦੀ ਸੱਤਾ ਵਿਚ ਲੈ ਲਿਆ ਕੋਈ ਪ੍ਰਵਾਹ ਨਹੀਂ ਕੀਤੀ ਵੋਟਾਂ ਲੈ ਕੇ ਵੋਟਰਾਂ ਦਾ ਹਾਲ ਚਾਲ ਬਿਲਕੁਲ ਨਹੀਂ ਜਾਣਿਆ ਇਸੇ ਕਰਕੇ 2022 ਦੀਆਂ ਚੋਣਾਂ ਵਿਚ ਸੂਝਵਾਨ ਵੋਟਰਾਂ ਨੇ ਇਨ੍ਹਾਂ ਨੂੰ ਬਾਹਰ ਦਾ ਰਸਤਾ ਦਿਖਾਇਆ ਹੁਣ ਇਹ ਫਿਰ ਲਾਲਚ ਦੇ ਮਾਰੇ ਭਾਜਪਾ ਨੂੰ ਗਾਲਾਂ ਕੱਢਣ ਵਾਲੇ ਭਾਜਪਾ ਵਿੱਚ ਸਾਮਲ ਹੋ ਰਹੇ ਹਨ ਇਉਂ ਲੱਗਦਾ ਹੈ ਕੇ ਵੋਟਰ ਮੂਰਖ ਹਨ ਕੇ ਸਾਇਦ ਦੁਆਰਾ ਦੁਆਰਾ ਫਿਰ ਇਨ੍ਹਾਂ ਦੀਆਂ ਗੱਲਾ ਵਿੱਚ ਆ ਜਾਣਗੇ ਪਰ ਇਹਨਾਂ ਨੂੰ ਪਤਾ ਨਹੀਂ ਲੋਕਾਂ ਨੇ ਇਹਨਾਂ ਨੂੰ ਪਿੰਡਾਂ ਵਿਚ ਵੜਨ ਦੇਣਾ ਬਹੁਤ ਸਾਰੇ ਸਵਾਲ ਲੋਕਾਂ ਦੇ ਮਨਾਂ ਵਿੱਚ ਹਨ ਜਿਨ੍ਹਾਂ ਦੇ ਜਵਾਬ ਇਹਨਾਂ ਦਲ ਬਦਲੂਆਂ ਕੋਲੋ ਲੈਣੇ ਹਨ ਹਰਬੰਸਪੁਰਾ ਇਹ ਵੀ ਦੱਸਿਆ ਇਹਨਾਂ ਲੋਕਾਂ ਦੀ ਜਮੀਰ ਮਰ ਚੁੱਕੀ ਹੈ ਅੱਜ ਇਹ ਜੋ ਵੀ ਹਨ ਕਾਂਗਰਸ ਪਾਰਟੀ ਦੀ ਬਦੌਲਤ ਹਨ ਪਰ ਜਦੋਂ ਕਿਸੇ ਵਿਅਕਤੀ ਦੀ ਜਮੀਨ ਹੀ ਮਰ ਜਾਵੇ ਤਾਂ ਉਸ ਦਾ ਕੀ ਕਹਿਣਾ ਇਤਿਹਾਸ ਗਵਾਹ ਹੈ ਉਸਦਾ ਕੱਖ ਨਹੀਂ ਰਿਹਾ ਹੁਣ ਸਾਰੇ ਕਾਂਗਰਸੀ ਵਰਕਰ ਹਾਈਕਮਾਨ ਅਤੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਜੀ ਤੋਂ ਮੰਗ ਕਰਦੇ ਹਾਂ ਕਿ ਅਜਿਹੇ ਵਿਅਕਤੀ ਨੂੰ ਪਾਰਟੀ ਤੋਂ ਦੂਰ ਰੱਖਿਆ ਜਾਵੇ ਅਤੇ ਕਦੇ ਵੀ ਭਵਿੱਖ ਵਿਚ ਇਹਨਾਂ ਲੋਕਾਂ ਤੇ ਯਕੀਨ ਨਾ ਕੀਤਾ ਜਾਵੇ ਅਜੇਹੇ ਲੋਕ ਪਾਰਟੀ ਦੇ ਦੁਸਮਣ ਹੁੰਦੇ ਹਨ ਅਤੇ ਦੁਸਮਣਾਂ ਤੋਂ ਹਮੇਸਾ ਹੀ ਸੁਚੇਤ ਰਹਿਣਾ ਚਾਹੀਦਾ ਹੈ

ਇਸ ਮੌਕੇ ਹਜਾਰ ਬਲਵਿੰਦਰ ਸਿੰਘ ਬੰਬ ਜ਼ਿਲ੍ਹਾ ਪ੍ਰਧਾਨ ਐਸਸੀ ਵਿੰਗ ਖੰਨਾ ,ਸਰਪੰਚ ਹਰਜਿੰਦਰ ਸਿੰਘ ਭੋਰਲਾ, ਸਾਬਕਾ ਸਰਪੰਚ ਮਾਲਜਿੰਦਰ ਸਿੰਘ, ਸਰਪੰਚ ਰੂਪ ਸਿੰਘ ਰਾਏਪੁਰ , ਗੁਰਜਿੰਦਰ ਸਿੰਘ ਫ਼ੈਜਗੜ੍ਹ , ਰਵੀ ਖੱਟੜਾ ,ਗੁਰਜੀਤ ਸਿੰਘ ਭੋਰਲਾ ,ਬੱਲੀ ਸੰਧੂ ਹਰਬੰਸਪੁਰਾ ਆਦਿ ਹਾਜਰ ਸਨ ।

# ਗੁਰਦਾਸਪੁਰ ਅਤੇ ਪਠਾਨਕੋਟ ਦਾ ਇੰਚਾਰਜ ਲਾਉਣ ਤੇ ਦਿੱਤੀ ਮੁਬਾਰਕਬਾਦ

**ਬਟਾਲਾ/ਸੁਖਨਾਮ ਸਿੰਘ**

ਹਾਈ ਕਮਾਂਡ ਵੱਲੋਂ ਪਾਰਟੀ ਦਾ ਵਿਸਥਾਰ ਕਰਨ ਲਈ ਜਿੱਥੇ ਯੋਗ ਅਹੁਦੇਦਾਰਾਂ ਦੀ ਨਿਯੁਕਤੀ ਕੀਤੀ ਜਾ ਰਹੀ ਹੈ ਉੱਥੇ ਪਾਰਟੀ ਦੇ ਸੀਨੀਅਰ ਆਗੂ ਕੁਲਦੀਪ ਸਿੰਘ ਧਾਰੀਵਾਲ ਨੂੰ ਜ਼ਿਲ੍ਹਾ ਗੁਰਦਾਸਪੁਰ ਅਤੇ ਪਠਾਨਕੋਟ ਦਾ ਇੰਚਾਰਜ ਲਗਾਉਣ ਲਈ ਆਮ ਆਦਮੀ ਪਾਰਟੀ ਹਾਈਕਮਾਂਡ ਦਾ ਧੰਨਵਾਦ ਕੀਤਾ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਲਬੀਰ ਸਿੰਘ ਪਨੂੰ ਨੇ ਕਿਹਾ ਕਿ



ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਲਈ ਪਾਰਟੀ ਹਾਈਕਮਾਂਡ ਵੱਲੋਂ ਯੋਗ ਉਮੀਦਵਾਰਾਂ ਦੀ ਨਿਯੁਕਤੀ ਕਰ ਕੇ ਆਮ ਆਦਮੀ ਪਾਰਟੀ ਵਿੱਚ ਵੱਡਾ ਉਤਸ਼ਾਹ ਪੈਦਾ ਕੀਤਾ ਜਾ ਰਿਹਾ ਹੈ ਉਨ੍ਹਾਂ ਕਿਹਾ ਕਿ ਤਹਿਤ ਆਉਣ ਵਾਲੇ ਅਗਲੇ ਸਮੇਂ ਵਿਚ ਪਾਰਟੀ ਵੱਲੋਂ ਦਿੱਤੇ ਜਾ ਰਹੀਆਂ ਸੁੱਖ ਸਹੂਲਤਾਂ ਲੋਕਾਂ ਦੇ ਦਰਾਂ ਤੱਕ ਪੁੱਜੇ ਪੁੱਜਦੀਆਂ ਕੀਤੀਆਂ ਜਾਣਗੀਆਂ ਇਸ ਤੋਂ ਇਲਾਵਾ ਕੁਲਦੀਪ ਸਿੰਘ ਧਾਰੀਵਾਲ ਨੂੰ ਮੁਬਾਰਕਬਾਦ ਦੇਣ ਲਈ ਬਲਾਕ ਪ੍ਰਧਾਨ ਲਵਪ੍ਰੀਤ ਸਿੰਘ ਖੁਸਰ ਗੁਰਵਿੰਦਰ ਸਿੰਘ ਬਲਾਕ ਪ੍ਰਧਾਨ ਮਲਕੀਤ ਸਿੰਘ ਕਰਮਜੀਤ ਸਿੰਘ ਸੇਵਕ ਰਛਪਾਲ ਸਿੰਘ ਗੁਰਮੁਖ ਸਿੰਘ ਕਰਨਜੀਤ ਸਿੰਘ ਅੰਮ੍ਰਿਤ ਪਾਲ ਔਜਲਾ ਹਾਜ਼ਰ ਸਨ।

# ਬਾਬਾ ਗੁਰਮੁਖ ਸਿੰਘ ਬਾਬਾ ਉੱਤਮ ਸਿੰਘ ਸੀਨੀ. ਸੈਕੰਡਰੀ ਸਕੂਲ ਦੇ 2 ਵਿਦਿਆਰਥੀਆ ਨੇ ਅੱਠਵੀਂ ਸ਼੍ਰੇਣੀ ਦੇ ਨਤੀਜਿਆਂ ਵਿੱਚ ਪੰਜਾਬ ਵਿੱਚੋਂ 9ਵਾਂ ਅਤੇ 13ਵਾਂ ਦਰਜਾ ਪ੍ਰਾਪਤ ਕੀਤਾ



**ਖਡੂਰ ਸਾਹਿਬ/ਜੱਜ ਕੰਡਾ**

ਬਾਬਾ ਸੇਵਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਚੱਲ ਰਹੀ ਸੰਸਥਾ ਬਾਬਾ ਗੁਰਮੁਖ ਸਿੰਘ ਬਾਬਾ ਉੱਤਮ ਸਿੰਘ ਸੀਨੀਅਰ ਸੈਕੰਡਰੀ ਸਕੂਲ ਖਡੂਰ ਸਾਹਿਬ ਦੇ ਵਿਦਿਆਰਥੀਆਂ ਨੇ ਅੱਠਵੀਂ ਸ਼੍ਰੇਣੀ ਦੀ ਬੋਰਡ ਪ੍ਰੀਖਿਆ ਵਿੱਚ ਚੰਗੇ ਨਤੀਜੇ ਹਾਸਿਲ ਕਰਕੇ ਮੱਲਾਂ ਮਾਰੀਆ। ਪ੍ਰਿੰਸੀਪਲ ਮੈਡਮ ਮਮਤਾ ਕੋਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਕੂਲ ਦੇ ਕੁੱਲ 119 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ, ਜਿਨ੍ਹਾਂ ਵਿੱਚੋਂ ਸੁਖਦੀਪ ਸਿੰਘ ਪੁੱਤਰ ਸ. ਮੰਗਲ ਸਿੰਘ ਨੇ 600 ਵਿੱਚੋਂ 589 ਅੰਕ (98.16%) ਅਤੇ ਹਰਮੀਤ ਕੌਰ ਪੁੱਤਰ ਸ. ਜਰਨੈਲ ਸਿੰਘ ਨੇ 600 ਵਿੱਚੋਂ 585 ਅੰਕ



ਸੁਖਦੀਪ ਸਿੰਘ ਹਰਮੀਤ ਕੌਰ ਮਨਪ੍ਰੀਤ ਕੌਰ

(97.5%) ਪ੍ਰਾਪਤ ਕਰਕੇ ਪੰਜਾਬ ਰਾਜ ਵਿੱਚ ਕ੍ਰਮਵਾਰ 9ਵਾਂ ਅਤੇ 13ਵਾਂ ਦਰਜਾ ਪ੍ਰਾਪਤ ਕੀਤਾ। ਸਕੂਲ ਦੀ ਵਿਦਿਆਰਥਣ ਮਨਪ੍ਰੀਤ ਕੌਰ ਪੁੱਤਰੀ ਸ. ਹਰਪਾਲ ਸਿੰਘ ਨੇ 600 ਵਿੱਚੋਂ 582 ਅੰਕ (97%) ਪ੍ਰਾਪਤ ਕਰਕੇ ਸਕੂਲ ਚ ਤੀਸਰਾ ਸਥਾਨ ਹਾਸਿਲ ਕੀਤਾ। ਸਮੁੱਚੇ ਤੌਰ ਤੇ ਸਕੂਲ ਦਾ ਨਤੀਜਾ 100% ਰਿਹਾ। 13 ਵਿਦਿਆਰਥੀਆਂ ਨੇ 95% ਤੋਂ ਵੱਧ ਅੰਕ, 43 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ, 59 ਵਿਦਿਆਰਥੀਆਂ ਨੇ 80 ਤੋਂ ਵੱਧ ਅੰਕ, 3 ਵਿਦਿਆਰਥੀਆਂ ਨੇ 70% ਤੋਂ ਵੱਧ ਅਤੇ 1 ਵਿਦਿਆਰਥੀ ਨੇ 60% ਤੋਂ ਵੱਧ ਅੰਕ ਪ੍ਰਾਪਤ ਕੀਤੇ। ਕਾਰ ਸੇਵਾ ਖਡੂਰ ਸਾਹਿਬ ਦੇ ਮੁਖੀ ਬਾਬਾ ਸੇਵਾ ਸਿੰਘ ਜੀ ਨੇ ਮੈਰਿਟ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਅਤੇ ਸਕੂਲ ਦੇ ਸਮੂਹ ਸਟਾਫ ਨੂੰ ਵਧੀਆ ਕਾਰਗੁਜ਼ਾਰੀ ਲਈ ਵਧਾਈ ਦਿੱਤੀ ਅਤੇ ਨਾਲ ਹੀ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਕੇ ਵਧੀਆਂ ਭਵਿੱਖ ਸਿਰਜਣ ਲਈ ਪ੍ਰੇਰਿਤ ਕੀਤਾ।



# ਜੀਓ ਜੀ ਬਲਾਕ ਖਡੂਰ ਸਾਹਿਬ ਵੱਲੋਂ ਹੋਠੀਆਂ ਸ਼ਮਸ਼ਾਨਘਾਟ ’ਚ ਲਗਾਏ ਗਏ ਰੁੱਖ

**ਖਡੂਰ ਸਾਹਿਬ/ਜੱਜ ਕੰਡਾ**

ਅੱਜ ਮਿਤੀ 5/6/2022 ਨੂੰ ਵਾਤਾਵਰਨ ਦਿਵਸ ਮੋਕੇ ਤਹਿਸੀਲ ਖਡੂਰ ਸਾਹਿਬ ਦੇ ਜੀਓ ਜੀ ਵਲੋਂ ਪਿੰਡ ਪਿੰਡ ਰੁੱਖ ਲਗਾਓ ਮੁਹਿਮ ਚਲਾਈ ਗਈ ਇਸ ਤਹਿਤ ਪਿੰਡ ਹੋਠੀਆ ਬਲਾਕ ਖਡੂਰ ਸਾਹਿਬ ਵਿਖੇ ਸਮਸਾਨਘਾਟ ਵਿੱਚ ਰੁੱਖ ਲਗਾਏ ਗਏ ਇਸ ਮੌਕੇ ਪਿੰਡ ਹੋਠੀਆ ਦੇ ਜੀਓ ਜੀ ਚਰਨਜੀਤ ਸਿੰਘ ਨੇ ਕਿਹਾ ਇਹਨਾਂ ਰੁੱਖਾਂ ਨੂੰ ਸਾਂਭ ਸੰਭਾਲ ਦੀ ਜਿ਼ਮੇਵਾਰੀ ਮੇਰੀ ਰਹੀ ਮੇਰੇ ਘਰ ਦੇ ਨਜਦੀਕ ਹੈ ਪਾਣੀ ਪਾਉਣਾ ਸਮੇਂ ਸਮੇਂ ਤੇ ਦੇਖ ਭਾਲ ਕਰਕੇ ਰੁੱਖ ਤਿਆਰ ਕਰਾਗੇ ਇਸ ਮੌਕੇ ਜੀਓ ਜੀ ਸੂਬੇਦਾਰ ਰਸਪਾਲ ਸਿੰਘ ਰਾਮਪੁਰ ਜਸਵੰਤ ਸਿੰਘ ਬਿਹਾਰੀਪੁਰ ਚਰਨਜੀਤ ਸਿੰਘ ਹੋਠੀਆ ਜਸਬੀਰ ਸਿੰਘ ਮੀਆਂ ਵਿੰਡ ਰਣਬੀਰ ਸਿੰਘ ਪਿੰਡੀਆ ਪਿੰਡ ਦੇ ਸਰਪੰਚ ਸੁਖਵਿੰਦਰ ਸਿੰਘ ਸਫਰੀ ਤੇ ਪਿੰਡ ਦੇ ਨੌਜਵਾਨ ਹਾਜਰ ਸਨ।

# ਵਿਧਾਇਕ ਸ਼ੈਰੀ ਕਲਸੀ ਨੇ ਬਰਸਾਤਾਂ ਦੇ ਮੱਦੇਨਜ਼ਰ ਹੰਸਲੀ ਨਾਲੇ ਦੀ ਸਫ਼ਾਈ ਸ਼ੁਰੂ ਕਰਵਾਈ





**ਬਟਾਲਾ/ਸੁਖਨਾਮ ਸਿੰਘ**

ਆਉਣ ਵਾਲੇ ਬਰਸਾਤੀ ਮੌਸਮ ਦੇ ਮੱਦੇਨਜ਼ਰ ਵਿਧਾਇਕ ਅਮਨ ਸ਼ੇਰ ਸਿੰਘ ਕਲਸੀ ਵੱਲੋਂ ਅੱਜ ਬਟਾਲਾ ਸ਼ਹਿਰ ਵਿਚੋਂ ਲੰਘਦੇ ਹੰਸਲੀ ਨਾਲੇ ਦੀ ਸਫ਼ਾਈ ਦਾ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ। ਹੰਸਲੀ ਨਾਲੇ ਦੀ ਸਫ਼ਾਈ ਦੇ ਕੰਮ ਦੀ ਸ਼ੁਰੂਆਤ ਕਰਦੇ ਹੋਏ ਵਿਧਾਇਕ ਅਮਨ ਸ਼ੇਰ ਸਿੰਘ ਕਲਸੀ ਨੇ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇਗਾ ਕਿ ਬਰਸਾਤੀ ਮੌਸਮ ਦੌਰਾਨ ਪਾਣੀ ਦੀ ਨਿਕਾਸੀ ਦੀ ਕੋਈ ਸਮੱਸਿਆ ਨਾ ਆਵੇ। ਉਨ੍ਹਾਂ ਕਿਹਾ ਕਿ ਬਟਾਲਾ ਸ਼ਹਿਰ ਵਿੱਚੋਂ ਲੰਘਦੇ ਹੰਸਲੀ ਨਾਲੇ ਦੀ ਜਿਥੇ ਸਾਈਡ ਲਾਈਨਿੰਗ ਹੋਈ ਹੈ ਓਥੇ ਮਜ਼ਦੂਰ ਲਗਾ ਕੇ ਮੈਨੂਅਲੀ ਸਫ਼ਾਈ ਕਰਵਾਈ ਜਾ ਰਹੀ ਹੈ ਜਦਕਿ ਬਾਕੀ ਹਿੱਸੇ ਵਿੱਚ ਮਸ਼ੀਨ ਨਾਲ ਸਫ਼ਾਈ ਕੀਤੀ ਜਾਵੇਗੀ। ਉਨਾਂ ਕਿਹਾ ਕਿ ਹੰਸਲੀ ਨਾਲੇ ਵਿੱਚੋਂ ਬੂਟੀ ਦੀ ਸਫਾਈ ਹੋਣ ਨਾਲ ਬਰਸਾਤੀ ਪਾਣੀ ਦਾ ਨਿਕਾਸ ਨਿਰਵਿਘਨ ਹੋ ਸਕੇਗਾ ਅਤੇ ਹੜ੍ਹਾਂ ਦਾ ਖਤਰਾ ਟਲ ਜਾਵੇਗਾ। ਵਿਧਾਇਕ ਕਲਸੀ ਨੇ ਡਰੇਨਜ਼ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਹੰਸਲੀ ਨਾਲੇ ਦੀ ਸਫ਼ਾਈ ਦਾ ਕੰਮ ਬਰਸਾਤਾਂ ਸ਼ੁਰੂ ਹੋਣ ਤੋਂ ਪਹਿਲਾਂ ਹਰ ਹੀਲੇ ਮੁਕੰਮਲ ਕਰ ਲਿਆ ਜਾਵੇ।

## ਬਟਾਲਾ ਸ਼ਹਿਰ ਵਿੱਚ ਸੀਵਰੇਜ ਤੇ ਜਲ-ਸਪਲਾਈ ਦਾ ਪ੍ਰੋਜੈਕਟ 85 ਫੀਸਦੀ ਮੁਕੰਮਲ ਹੋਇਆ - ਵਿਧਾਇਕ ਸ਼ੈਰੀ ਕਲਸੀ

ਵਿਧਾਇਕ ਅਮਨ ਸ਼ੇਰ ਸਿੰਘ ਕਲਸੀ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਟਾਲਾ ਸ਼ਹਿਰ ਦੇ ਵਿਕਾਸ ਲਈ ਯਤਨ ਲਗਾਤਾਰ ਜਾਰੀ ਹਨ ਅਤੇ ਸੀਵਰੇਜ ਅਤੇ ਵਾਟਰ ਸਪਲਾਈ ਦਾ ਪ੍ਰੋਜੈਕਟ 85 ਫੀਸਦੀ ਤੋਂ ਵੱਧ ਮੁਕੰਮਲ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਹਿਰੋਂ ਬਾਹਰਵਾਰ ਬਣ ਰਹੇ ਸੀਵਰੇਜ ਟਰੀਟਮੈਂਟ ਪਲਾਂਟ ਦਾ ਪ੍ਰੋਜੈਕਟ ਵੀ 90 ਫੀਸਦੀ ਦੇ ਕਰੀਬ ਮੁਕੰਮਲ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਜਿਹੜੀਆਂ ਸੜਕਾਂ ਅਤੇ ਗਲੀਆਂ ਵਿੱਚ ਸੀਵਰੇਜ ਦਾ ਪ੍ਰੋਜੈਕਟ ਮੁਕੰਮਲ ਹੋ ਗਿਆ ਹੈ ਓਥੇ ਸੜਕਾਂ ਤੇ ਗਲੀਆਂ ਨੂੰ ਬਣਾਉਣ ਦਾ ਕੰਮ ਵੀ ਜਾਰੀ ਹੈ। ਉਨ੍ਹਾਂ ਕਿਹਾ ਕਿ ਬਟਾਲਾ ਸ਼ਹਿਰ ਦਾ ਸਰਬਪੱਖੀ ਵਿਕਾਸ ਕਰਕੇ ਇਸਨੂੰ ਸੂਬੇ ਦਾ ਬੇਹਤਰੀਨ ਸ਼ਹਿਰ ਬਣਾਇਆ ਜਾਵੇਗਾ।

ਇਸ ਮੌਕੇ ਡਰੇਨਜ਼ ਵਿਭਾਗ ਦੇ ਐਕਸੀਅਨ ਚਰਨਜੀਤ ਸਿੰਘ, ਐੱਸ.ਡੀ.ਓ. ਕਾਬਲ ਸਿੰਘ, ਮਨਜੀਤ ਸਿੰਘ, ਬਲਜੀਤ ਸਿੰਘ, ਸੁਖਜਿੰਦਰ ਸਿੰਘ, ਮਲਕੀਤ ਸਿੰਘ ਬਾਠ, ਪੀ.ਏ. ਉਪਦੇਸ਼ ਕੁਮਾਰ, ਹਰਪਾਲ ਸਿੰਘ, ਮਾਣਕ ਮਹਿਤਾ, ਦਲਜੀਤ ਸਿੰਘ ਬਮਰਾਹ, ਸਰਬਜੀਤ ਸਿੰਘ, ਰਾਜੇਸ਼ ਸ਼ਰਮਾਂ, ਨਿੱਕੂ ਹੰਸਪਾਲ ਆਦਿ ਮੌਜੂਦ ਸਨ।

# ਨਾ ਝੋਕੋ




ਨਾ ਝੋਕੋ ਨਾ ਝੋਕੋ ਹੁਣ ਪੰਜਾਬ ਨੂੰ ਅੱਗ ਦੀਆਂ ਲਪਟਾਂ ਚ
ਬੜੀਆਂ ਹੀ ਰੂਹਾਂ ਨਿੱਤ ਦੁਖੜੇ ਸਹਿੰਦੀਆਂ ਨੇ।
ਨਿੱਤ ਮਰਦੇ ਜਾਂਦੇ ਪੁੱਤ ਪੰਜਾਬੀ ਚੜੀ ਜਵਾਨੀ ਚ
ਇਹ ਤੱਕ ਕੇ ਸਮਸ਼ਾਨ ਭੂਮੀਆਂ ਵੀ ਹੋਈਆਂ ਸ਼ਰਮਿੰਦੀਆਂ ਨੇ।

ਜੋ ਤੁਰ ਜਾਵਣ ਏਸ ਜਹਾਨੋਂ ਮੁੜ ਨਹੀਂਓ ਆਉਣਾ ਪਤਾ ਹੈ ਸਭ ਨੂੰ,
ਪਰ ਮਾਪਿਆਂ, ਭੈਣ ਭਰਾਵਾਂ ਦਾ ਦਰਦ ਤੇ ਕਈ ਵਿਧਵਾ ਅਖਵਾਦੀਆਂ ਨੇ।,

ਵੇਖ ਉਨ੍ਹਾਂ ਦੇ ਵੱਲੇ ਦਿਲ ਦਾ ਰੁੱਗ ਭਰ ਆਉਂਦਾ ਹੈ,
ਸੰਤਾਪ ਮਾਰੀਆਂ ਉਹ ਜੱਦ ਵੀ ਕੋਲੋਂ ਦੀ ਲੰਘਦੀਆਂ ਨੇ।

ਮੇਰੇ ਕੋਲ ਅਲਫ਼ਾਜ ਨਹੀਂ ਕਿਵੇਂ ਦੇ ਸਕਾਂ ਧਰਵਾਸਾ,
ਬੂਹੇ ਤੱਕ ਕੇ ਉਨ੍ਹਾਂ ਦੇ ਅੱਖਾਂ ਵੀ ਹੁੰਦੀਆਂ ਸ਼ਰਮਿੰਦੀਆਂ ਨੇ।

ਕੰਨਾਂ ਦੇ ਵਿੱਚੋਂ ਨਾ ਜਾਣ ਉਹ ਹਰ ਰੋਜ਼ ਦੀਆਂ ਅਵਾਜਾਂ,
ਪੈਂਦੇ ਵੈਣ ਤੇ ਮਾਤਮਾ ਦੀਆਂ ਗੱਲਾਂ ਜੱਦ ਚਲਦੀਆਂ ਨੇ।

ਇਹ ਸਤਿਗੁਰੂ ਨਾਨਕ ਤੇ ਬੁਲ੍ਹੇ ਸ਼ਾਹ ਦਾ ਪੰਜਾਬ ਪਿਆਰਾ,
ਕਿਉਂ ਦੁਸ਼ਮਣਾਂ ਦੀਆਂ ਇੱਥੇ ਚਾਲਾਂ ਨਿੱਤ ਚਲਦੀਆਂ ਨੇ।

ਆਉ ਮਿਲ ਕੇ ਕੋਸ਼ਿਸ ਕਰੀਏ ਇੱਕ ਵਾਰ ਫ਼ਕੀਰੋ,
ਕਿੰਝ ਕੌਮ ਪੰਜਾਬੀ ਵੈਰੀਆਂ ਨੂੰ ਪੁੱਠੇ ਪੈਰੀਂ ਭਜਾਉਂਦੀਆਂ ਨੇ।
ਨਾ ਝੋਕੋ ਨਾ ਝੋਕੋ ਹੁਣ ਪੰਜਾਬ ਨੂੰ ਅੱਗ ਦੀਆਂ ਲਪਟਾਂ ਚ
ਬੜੀਆਂ ਹੀ ਰੂਹਾਂ ਨਿੱਤ ਦੁਖੜੇ ਸਹਿੰਦੀਆਂ ਨੇ।



ਵਿਨੋਦ ਫ਼ਕੀਰਾ,ਸਟੇਟ ਐਵਾਰਡੀ,
ਲੇਖਕ ਪੰਜਾਬੀ ਭਾਸ਼ਾ ਵਿਭਾਗ,ਪਟਿਆਲਾ,ਪੰਜਾਬ ਅਤੇ
ਲੇਖਕ ਪੰਜਾਬੀ ਸਾਹਿਤਕ ਅਕਦਮੀ, ਹਰਿਆਣਾ,ਪੰਚਕੂਲਾ,
ਵਿਨੋਦ ਕੁਮਾਰ ਵਾਲੀ ਗਲੀ।
ਆਰੀਆ ਨਗਰ, ਕਰਤਾਰਪੁਰ,
ਜਲੰਧਰ।
ਮੋ.098721 97326

# ਮਨਮੀਤ ਕੌਰ ਨੂੰ ਮਹਿਲਾ ਕਾਂਗਰਸ ਹਲਕਾ ਪੂਰਬੀ-2 ਦੇ ਬਲਾਕ ਪ੍ਰਧਾਨ ਦਾ ਨਿਯੁਕਤੀ ਪੱਤਰ ਦੇ ਕੇ ਕਿੱਤਾ ਸਨਮਾਨਿਤ



**ਲੁਧਿਆਣਾ/ਸੁਖਚੈਨ ਮਹਿਰਾ**

ਮਹਿਲਾ ਕਾਂਗਰਸ ਵੱਲੋਂ ਵਾਰਡ ਨੰ: 14 ਵਿਜੇ ਨਗਰ ਵਿਖੇ ਮਨਮੀਤ ਕੌਰ ਦੇ ਗ੍ਰਹਿ ਵਿਖੇ ਮੀਟਿੰਗ ਕੀਤੀ ਗਈ। ਇਸ ਮੌਕੇ ਮੁੱਖ ਮਹਿਮਾਨ ਮਹਿਲਾ ਕਾਂਗਰਸ ਦੀ ਜਿ਼ਲ੍ਹਾ ਪ੍ਰਧਾਨ ਮਨੀਸਾ ਕਪੂਰ, ਕੌਂਸਲਰ ਕੰਚਨ ਮਲਹੋਤਰਾ, ਬਲਾਕ ਪ੍ਰਧਾਨ ਸੁਰਿੰਦਰ ਕੌਰ,ਸੋਨੀਆ ਧਵਨ ਵਿਸੇਸ ਤੌਰ ’ਤੇ ਹਾਜਰ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਮਹਿਲਾ ਕਾਂਗਰਸ ਦੀ ਪ੍ਰਧਾਨ ਮਨੀਸਾ ਕਪੂਰ ਨੇ ਕਾਂਗਰਸੀ ਵਰਕਰਾਂ ਨੂੰ ਹੱਲਾਸੇਰੀ ਦਿੰਦਿਆਂ ਕਿਹਾ ਕਿ ਕਾਂਗਰਸ ਇੱਕ ਚੋਣ ਹਾਰ ਕੇ ਮਰੀ ਨਹੀਂ, ਇਹ ਅੱਜ ਵੀ ਜਿਊਂਦੀ ਹੈ, ਉਨ੍ਹਾਂ ਵਰਕਰਾਂ ਨੂੰ ਆਉਣ ਵਾਲੀਆਂ ਨਗਰ ਨਿਗਮ ਚੋਣਾਂ ਲਈ ਕਮਰ ਕੱਸਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਸਮਾਂ ਬਦਲਣ ਦਾ ਹੈ। ਖਤਮ ਹੋ ਗਿਆ ਹੈ, ਹੁਣ ਨਗਰ ਨਿਗਮ ਚੋਣਾਂ ‘ਚ ਕਾਂਗਰਸ ਵੱਡੀ ਗਿਣਤੀ ‘ਚ ਸੀਟਾਂ ਨਾਲ ਜਿੱਤੇਗੀ। ਇਸ ਮੌਕੇ ਮਹਿਲਾ ਕਾਂਗਰਸ ਦੀ ਦਲੇਰ ਅਤੇ ਅਣਥੱਕ ਆਗੂ ਮਨਮੀਤ ਕੌਰ ਨੂੰ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਉਨ੍ਹਾਂ ਨੂੰ ਬਲਾਕ 2 ਲੁਧਿਆਣਾ ਪੂਰਬੀ ਦੀ ਪ੍ਰਧਾਨ ਦਾ ਨਿਯੁਕਤੀ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਮਨੀਸਾ ਕਪੂਰ ਨੇ ਆਸ ਪ੍ਰਗਟ ਕਰਦਿਆਂ ਕਿਹਾ ਕਿ ਮਨਮੀਤ ਕੌਰ ਇਸੇ ਤਰ੍ਹਾਂ ਤਨਦੇਹੀ ਨਾਲ ਪਾਰਟੀ ਦੀ ਸੇਵਾ ਕਰਦੀ ਰਹੇਗੀ। ਇਸ ਮੌਕੇ ਬਲਾਕ ਪ੍ਰਧਾਨ ਰਾਜ ਰਾਣੀ, ਕੌਂਸਲਰ ਕੰਚਨ ਮਲਹੋਤਰਾ, ਬਲਾਕ ਪ੍ਰਧਾਨ ਸੁਰਿੰਦਰ ਕੌਰ, ਬਲਾਕ ਪ੍ਰਧਾਨ ਸੁਨੀਤਾ ਰਾਣੀ, ਜਿ਼ਲ੍ਹਾ ਜਨਰਲ ਸਕੱਤਰ ਸੋਨਿਕਾ, ਮੋਨਿਕਾ, ਸੋਨੀਆ ਧਵਨ, ਅਨੂ ਕੁਮਾਰੀ, ਸੀਮਾ ਯਾਦਵ, ਸਿ਼ਖਾ ਟੰਡਨ, ਪ੍ਰੇਮਜੀਤ ਕੌਰ, ਸੰਤੋਸ ਰਾਣੀ, ਗੁਰਦੀਪ ਕੌਰ, ਜੋਗੇਸ਼ ਪਾਠਕ,ਪ੍ਰੀਤਮ ਸਿੰਘ, ਐਸ. ਪੀ ਯਾਦਵ, ਮੋਹੰਮਦ ਸ਼ਾਹਿਦ, ਯੋਗੇਸ ਮਲਹੋਤਰਾ, ਗੁਰਪ੍ਰੀਤ ਸਿੰਘ ਸੁਜਲ ਧਵਨ ਅਤੇ ਪ੍ਰਦੀਪ ਥਪਲੀਵਾਲ ਵਿਸੇਸ ਤੌਰ ‘ਤੇ ਹਾਜਰ ਸਨ।

# ਸਾਧਾਂਵਾਲਾ ਵਿਖੇ ਰਵੀ ਹੋਟਲ ਝੋਕ ਹਰੀਹਰ ਵਾਲਿਆਂ ਵੱਲੋਂ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ



**ਫਰੀਦਕੋਟ/ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ**

ਪਿੰਡ ਸਾਧਾਂਵਾਲਾ ਵਿਖੇ ਜੋ ਕਿ ਕਾਫ਼ੀ ਲੰਮੇ ਸਮੇਂ ਤੋਂ ਸਾਧਾਂਵਾਲਾ ਵਿਖੇ ਇਕ ਝੋਕ ਹਰੀਹਰ ਵਾਲਿਆਂ ਦਾ ਹੋਟਲ ਮਸ਼ਹੂਰ ਹੈ ਜੋ ਕਿ ਕਾਫ਼ੀ ਲੰਮੇ ਸਮੇਂ ਤੋਂ ਸਮੂਹ ਪਬਲਿਕ ਨੂੰ ਵਧੀਆ ਮਠਿਆਈਆਂ ਤਾਜ਼ੀਆਂ ਦਿੱਤੀਆਂ ਜਾ ਰਹੀਆਂ ਹਨ ਇਸ ਮੌਕੇ ਹੋਟਲ ਦੇ ਮਾਲਕ ਵੱਲੋਂ ਸੇਵਾ ਦੇ ਵਿਚ ਵੀ ਆਪਣਾ ਬਣਦਾ ਯੋਗਦਾਨ ਪਾ ਰਹੇ ਹਨ ਇਸ ਮੌਕੇ ਅੱਜ ਉਨ੍ਹਾਂ ਨੇ ਆਪਣੇ ਰਵੀ ਹੋਟਲ ਝੋਕ ਹਰੀ ਹਰ ਵਾਲਿਆਂ ਦੇ ਸਮੂਹ ਪਰਿਵਾਰ ਨੇ ਰਲ ਮਿਲ ਕੇ ਪਿੰਡ ਸਾਧਾਂਵਾਲਾ ਵਿਖੇ ਆਪਣੇ ਹੋਟਲ ਤੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਇਸ ਮੌਕੇ ਸਮੂਹ ਸੰਗਤਾਂ ਨੇ ਅੱਤ ਦੀ ਪੈ ਰਹੀ ਗਰਮੀ ਤੋਂ ਠੰਢਾ ਮਿੱਠਾ ਜਲ ਛੱਕ ਕੇ ਕੁਝ ਰਾਹਤ ਮਹਿਸੂਸ ਕੀਤੀ ਇਸ ਮੌਕੇ ਹੋਟਲ ਦੇ ਇੰਚਾਰਜ ਰਵੀ ਝੋਕ ਹਰੀਹਰ, ਸੁਖਬੀਰ ਸਿੰਘ ਸੰਘਾ ,ਅਮਰਜੀਤ ਸਿੰਘ ,ਜੈਵੰਤ ਸਿੰਘ,ਰਾਜ ਕੁਮਾਰ ਦੁਕਾਨਦਾਰਾਂ,ਗੁਰਚਰਨ ਸਿੰਘ ਖਾਲਸਾ,ਰਾਜਪਾਲ ਸਿੰਘ ਬਰਾਡ, ਅਮੋਲਦੀਪ ਸਿੰਘ ਬਰਾਡ ,ਜਲੌਰ ਸਿੰਘ ਆਦਿ ਵਿਸ਼ੇਸ਼ ਤੌਰ ਤੇ ਹਾਜਰ ਸਨ ਇਸ ਮੌਕੇ ਪੱਤਰਕਾਰ ਜਸਵਿੰਦਰ ਸਿੰਘ ਬਰਾੜ ਸਾਧਾਂ ਵਾਲਿਆਂ ਵੱਲੋਂ ਰਵੀ ਹੋਟਲ ਝੋਕ ਹਰੀ ਹਰ ਵਾਲਿਆਂ ਦੇ ਸਮੂਹ ਪਰਿਵਾਰ ਦਾ ਠੰਢੇ ਮਿੱਠੇ ਜਲ ਦੀ ਛਬੀਲ ਲਗਾਉਣ ਤੇ ਬਹੁਤ ਬਹੁਤ ਧੰਨਵਾਦ ।